ੴ ਸਤਿਗੁਰ ਪ੍ਰਸਾਦਿ ॥

# ਮਾਂ ਬਾਪ ਘਰਿ ਬੇਟੀ ਦੇ ਅਧਿਕਾਰ

ਲੇਖਕ


ਭੂਮਣ ਸਿੰਘ "ਕੰਵਲ"

OMVIHAR W.Z. C-33
P.O. UTTAM NAGAR.
NEW DELHI. PIN-110059


Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਸੰਖੇਪ ਜਾਣਕਾਰੀ

ਇਸ ਪੁਸਤਕ ਵਿਚ ਜੋ ਕੁਛ ਲਿਖਿਆ ਗਿਆ ਹੈ ਓਹ ਮੇਰਾ ਆਪਣਾ ਅਨੁਭਵ ਅਤੇ ਬਜ਼ੁਰਗੋਂ ਮਹਾਂਪੁਰਖਾਂ ਦੇ ਤਜਰਬੇ ਦੇ ਆਧਾਰ ਹੈ ਯਾ ਗੁਰੂ ਨਾਨਕ ਗੁਰਮਤਿ ਅਸੂਲਾਂ ਦਾ ਸਹਾਰਾ ਹੈ। ਇਸ ਦਾ ਕੋਈ ਸ਼ਬਦ ਵੀ ਕਿਸੇ ਤੇ ਜਬਰਨ ਠੋਸਿਆ ਨਹੀਂ ਜਾ ਸਕਦਾ। ਹਰੇਕ ਵਿਦਵਾਨਾਂ ਦੇ ਵਖ ਵਖ ਵੀਚਾਰ ਪਾਏ ਜਾਂਦੇ ਹਨ ਅਤੇ ਹਰੇਕ ਸਮਾਜ ਦੇ ਭਿੰਨ ਭਿੰਨ ਨਿਯਮ ਹਨ।

ਹਰੇਕ ਸਮਾਜ ਨੂੰ ਚਾਹੀਦਾ ਹੈ ਕਿ ਓਹ ਚਾਹੇ ਪੁਰਾਣੇ ਰਿਵਾਜਾਂ ਅਨੁਸਾਰ ਚਾਹੇ ਨਵੇਂ ਵਿਧਾਨਾਂ ਅਨੁਸਾਰ ਕੰਮ ਕਰੇ, ਜਿਸ ਤੋਂ ਗ੍ਰਿਸਤ ਮਾਰਗ, ਜੁਆਨੀ ਤੋਂ ਆਰੰਭ ਹੋ ਕੇ ਬੁਢੇਪੇ ਤੀਕ ਸੁਖ ਦਾ ਵਤੀਤ ਹੋਵੇ। ਤਦੇ ਹੀ ਓਹ ਸਮਾਜ ਸੁਧਾਰਕ ਜਗਤ ਦੀ ਸ਼ੋਭਾ ਦਾ ਪਾਤ੍ਰ ਬਣ ਸਕਦਾ ਹੈ। ਅਤੇ ਇਸ ਤੋਂ ਵਿਪ੍ਰੀਤ - ਉਲਟ ਇਸ ਨੂੰ ਕਲੰਕਤ ਸਮਾਜ ਦਾ ਧੱਬਾ ਲਗ ਸਕਦਾ ਹੈ।

ਸਮਾਜ ਸੁਧਾਰਕ ਸੰਤਾਨ ਦੇ ਦਰਦ ਰੱਖਣ ਵਾਲਾ ਹੋਣਾ ਚਾਹੀਦਾ ਹੈ, ਇਸ ਦੀ ਬੋਲੀ ਵਿਚ ਗੰਭੀਰਤਾ, ਦ੍ਰਿੜ ਵਿਸਵਾਸੀ ਆਪਣੀ ਮਿੱਥੀ ਹੋਈ ਗਲ ਨੂੰ ਤੋੜ ਨਿਭੋਣ ਵਾਲਾ ਅਤੇ ਨੇਕ ਚਲਣ ਰਖਦਾ ਹੋਵੇ ਤਾਂ ਓਹ ਐਸਾ ਸਮਾਜ ਸੁਧਾਰਕ ਦੂਜਿਆਂ ਤੇ ਆਪਣਾ ਸਿੱਕਾ ਬਿਠਾ, ਸਮਾਜ ਦਾ ਸੁਧਾਰ ਕਰ ਸਕਦਾ ਹੈ।

ਇਤੀ

"ਕੰਵਲ"

Sri Satguru Jagjit Singh Ji Elibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਮਾਂ ਬਾਪ ਘਰਿ ਬੇਟੀ ਦੇ ਅਧਿਕਾਰ

ਲੇਖਕ

ਝੁੰਮਣ ਸਿੰਘ "ਕੰਵਲ"
OMVIHAR W.Z. C-33
P.O. UTTAM NAGAR.
NEW DELHI. PIN-110059

Sri Satguru Jagjit Singh Ji Elibrary NamdhariElibrary@gmail.com

ਸਭ ਹਕ ਕਰਤਾ ਦੇ ਰਾਖਵੇਂ ਹਨ

ਪ੍ਰਿੰਟਰਜ਼ : ਸੁੰਦਰ ਪ੍ਰਿੰਟਰਜ਼
ਪਹਾੜ ਗੰਜ
ਨਵੀਂ ਦਿੱਲੀ

ਪ੍ਰਕਾਸ਼ਕ : ਭੁੰਮਣ ਸਿੰਘ ਕੰਵਲ

| | |
|---|---|
| ਸੰਮਤ ਬਿਕਰਮੀ | ੨੦੪੪ |
| ਸੰ: ਨਾਨਕ ਸ਼ਾਹੀ | ੫੧੮ |
| ਸੰ: ਖਾਲਸਾ | ੨੮੯ |
| ਸੰ: ਸ਼ਾਕਾ | ੧੯੦੯ |
| ਸੰ: ਈਸਵੀ | ੧੯੮੭ |

ਪਹਲੀ ਵਾਰ ੧੦੦੦,
ਮੁੱਲ ਦਸ ਰੁਪਏ ੧੦/- ਰੁ:
" ਇੰਗਲੈਂਡ ੧/- ਪੌਂਡ

Sri Satguru Jagjit Singh Ji Elibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦਿ ॥

ਦੋਹਰਾ— ਪ੍ਰਾਰਥਨਾ-ਮੰਗਲ

ਪਰਮ ਪੂਜਯ ਗੁਰੂ ਦੇਵ ਕੋ ਅਨਕ ਬਾਰ ਪ੍ਰਨਾਮ ॥
ਸ਼ੁਭ ਮਤਿ ਬਖਸੋ "ਕੰਵਲ" ਨੂੰ ਪੂਰਣ ਹੋਵੇ ਕਾਮ ॥

## ਨਾਰੀ ਹਿਤਕਾਰੀ ਹੈ।

ਕਬਿੱਤ—ਪਤੀ ਮਾਨੋ ਰਾਜਾ ਅਤੇ ਪਤਨੀ ਵਜੀਰ ਜਾਣੋ।
ਰਾਜ ਗੱਦੀ ਗ੍ਰਿਸਤ ਲਈ ਦੋਨੋ ਲਾਭ ਕਾਰੀ ਹੈ ॥
ਸੁੰਦਰ ਸੰਤਾਨ ਲਈ ਜੱਗ ਤੇ ਈਮਾਨ ਲਈ।
ਸ਼ੁਭ ਗੁਣ ਗਿਯਾਨ ਲਈ ਪ੍ਰੇਮ ਦੀ ਪਟਾਰੀ ਹੈ ॥
ਸਸ ਸੌਹਰਾ ਦੇਰ ਜੇਠ ਨੰਨਦ ਕੁਟੰਬ ਸਭ।
ਗੁਰੂ ਜਨ ਸੇਵ ਅਤਿੱਥੀ ਆਦਿਰ ਸੁਖਾਰੀ ਹੈ ॥
ਗ੍ਰਿਸਤ ਪ੍ਰਧਾਨ ਜੱਗ ਕਿਹਾ ਗੁਰੂ ਨਾਨਕ ਨੇ।
ਬੱਤੀ ਗੁਣਾ ਵਾਲੀ "ਕੰਵਲ" ਨਾਰੀ ਹਿਤਕਾਰੀ ਹੈ ॥

Sri Satguru Jagjit Singh Ji Elibrary NamdhariElibrary@gmail.com

# ਧਿਆਨ ਯੋਗ

ਮਹਿਲਾਓਂ ਕੋ ਜੋ ਅੱਧਿਕਾਰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਦੀਏ ਹੈਂ ਇਨਸੇ ਪਹਲੇ ਕਿਸੀ ਪੀਰ ਪੈਗੰਬਰ ਨੇ ਨਹੀਂ ਦੀਏ। ਅਜ ਕਲ ਸਰਕਾਰ ਵੀ ਇਸਤ੍ਰੀਓਂ ਕਾ ਦਰਜਾ ਬਢਾਨੇ ਮੇ ਲਗੀ ਹੋਈ ਹੈ। ਪ੍ਰੰਤੂ ਪਹਿਲਾਂ ਇਸ ਮਹਾਨਤਾ—ਦਾ ਸ੍ਰੇਯ ਗੁਰੂ ਨਾਨਕ ਦੇਵ ਜੀ ਕੋ ਹੀ ਮਿਲਤਾ ਹੈ। ਅਗਰ ਹਮ ਸਮਦ੍ਰਿਸ਼ਟੀ ਸੇ ਦੇਖੇ ਤਾਂ ਇਸਦਾ ਸਹੀ ਨਿਰਣਾ ਸਾਨੂੰ ਗੁਰੂ ਨਾਨਕ ਦੀ ਰਚਨਾ ਗੁਰਬਾਣੀ ਵਿਚੋਂ ਮਿਲਦਾ ਹੈ। ਜੋ ਗੁਰੂ ਗ੍ਰੰਥ ਜੀ ਵਿਚ ਵਿਦਮਾਨ ਹੈ।

"ਕੰਵਲ"

# ਸਮਰਪਣ

ਓਨ੍ਹਾਂ ਧਰਮ ਪੁੱਤਰੀਆਂ ਨੂੰ ਜਿਨਾ ਆਪਣੇ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਕੇ ਗ੍ਰਿਸਤ ਧਰਮ ਵਿਚ ਰਹਿੰਦਿਆਂ ਸੰਤਾਨ ਦਾ ਪਾਲਣ ਪੋਸ਼ਣ ਕੀਤਾ ਅਤੇ ਘਰਾਂ ਨੂੰ ਨਰਕੋਂ ਸੁਰਗ ਵਿਚ ਮੋੜਿਆ।

Sri Satguru Jagjit Singh Ji Elibrary NamdhariElibrary@gmail.com

# ਖੁਲਾਸਾ

ਇਹੁ ਪੁਸਤਕ ਕਿਸੇ ਸੰਪ੍ਰਦਾ ਦੇ ਹੇਠ ਆ ਕੇ ਨਹੀਂ ਲਿਖੀ ਗਈ। ਜਿਸ ਤਰ੍ਹਾਂ ਡਾ: ਹਰਭਜਨ ਸਿੰਘ ਜੀ ਨੇ ਲਿਖਿਆ ਹੈ—ਏਹੁ ਪੁਸਤਕ ਕੇਵਲ ਗੁਰਮਤਿ ਅਸੂਲਾਂ ਦੇ ਅਧਾਰ ਤੇ ਲਿਖੀ ਗਈ ਹੈ। ਇਸ ਵਿਚ ਜੋ ਦਲੀਲਾਂ ਵਿਚਾਰ ਵਟਾਂਦਰੇ ਦੇ ਅਧਾਰ ਦਿੱਤੀਆਂ ਗਈਆ ਹੋਨ ਉਹ ਕੇਵਲ ਤੇ ਕੇਵਲ ਗੁਰਮਤਿ ਨਾਲ ਸਬੰਧ ਰਖਦੀਆਂ ਹੋਨ।

ਗੁਰਮਤਿ ਦਾ ਭਾਵ ਅਸੀਂ ਗੁਰੂ ਨਾਨਕ ਯਾਂ ਓਨਾਹ ਦੇ ਗੱਦੀ ਵਾਰਸਾਂ ਦੀ ਸਿੱਖਿਆ ਤੋਂ ਲੈਂਦੇ ਹਾਂ ਅਤੇ ਹੋਰ ਵੀ ਕੁਝ ਸਿੱਖਿਆ ਦੇ ਉਦਾਹਰਣ ਜਿਥੋਂ ਵੀ ਸਾਨੂੰ ਮਿਲੇ ਲਏ ਹੋਨ ਇਸ ਉਦਾਹਰਣ ਦੇ ਤੋਰ ਤੇ......

"ਕੰਚਨ ਹੋਵੇ ਕੀਚਮੇ ਬਿਖ ਮੈ ਅੰਮ੍ਰਿਤ ਹੋਇ॥
ਵਿਦਯਾ ਨਾਰੀ ਨੀਚ ਪੈ ਤੀਨੋ ਲਈਐ ਖੋਇ॥

ਭਾਵ—ਚਿੱਕੜ ਵਿਚੋਂ ਸੋਨਾ, ਬਿਖ ਵਿਚੋਂ ਅੰਮ੍ਰਿਤ ਲੈਣਾ ਉਚਿੱਤ ਹੁੰਦਾ ਹੈ ਤੇ ਵਿੱਦਿਆ ਦੀ ਨਾਰੀ-ਕਲਾ-ਨਾਤ ਨੀਚ ਕੋਲ ਵੀ ਹੋਵੇ ਸਿੱਖਣੀ-ਗ੍ਰਹਿਣ ਕਰਨੀ ਰਾਜਨੀਤ ਦੇ ਸਿਧਾਂਤ ਅਨੁਸਾਰ ਉਚਿੱਤ ਹੁੰਦੀ ਹੈ। ਇਸ ਲਈ ਇਸ ਪੁਸਤਕ ਦੇ ਵਿਚਾਰ ਸਰਬ ਸਮਾਜਕ ਸਾਂਝੇ ਹੋਨ। ਕਿਸੇ ਭੀ ਸੰਸਥਾ ਨੂੰ ਮੁਖਿ ਨਹੀਂ ਮੰਨਿਆ ਜਾ ਸਕਦਾ।

ਰਹੀ ਗਲ ਨਾਮਧਾਰੀਆਂ ਵਲੋਂ ਵਿਵਾਹ ਮੇਲਿਆਂ ਵਿਚ ਸਾਦੀ ਰੀਤ ਨਾਲ ਕਰਨੇ ਅਤੇ ਪਿਛੋਂ ਮੁਕਲਾਵੇ ਤਰੇਜੇ ਵਿਚ ਲੜਕੀ ਨੂੰ ਓਹੀ ਸਭ ਕੁਛ ਦੇਣਾ ਜੋ ਆਮ ਲੋਕਾਂ ਦਾ ਰਿਵਾਜ ਹੈ। ਪਰ ਗੱਲ ਤਾਂ ਕੇਵਲ ਏਹ ਹੈ ਕਿ ਸ਼ਾਦੀ ਰਸਮ ਦਾ ਆਮ ਲੋਕਾਂ ਵਿਚ ਦਿਖਾਵਾ ਕਰਨਾ, ਇਸ ਗਲ ਦਾ ਸਬੂਤ ਦੇਣਾ ਹੈ ਕਿ ਹਰੇਕ ਗ਼ਰੀਬ, ਅਮੀਰ ਗੁਰੂ ਘਰਿ ਵਿਚ ਵਡਾ ਛੋਟਾ ਨਹੀਂ ਅਤੇ ਘਰੋਂ-ਘਰੀਂ ਸ਼ਾਦੀ ਤੋਂ ਬਾਦ ਦੇਣ ਲੈਣ ਰਸਮ ਕਰਨੀ, ਸੁਮਾਜਕ ਵਧਾਨ ਨਹੀਂ ਸਮਝਣਾ ਚਾਹੀਦਾ। ਏਹੁ ਗ਼ਰੀਬ-ਅਮੀਰ ਦੀ ਆਪਣੀ ਇੱਛਾ ਅਨੁਸਾਰ ਹੈ, ਜੋ ਓਨਾਂਹ ਨੇ ਆਪਣੇ ਵਿੱਤ ਮੁਤਾਬਕ ਕਰਨੀ ਹੁੰਦੀ ਹੈ, ਨਾਕਿ ਅਮੀਰ ਦੀ ਰੀਸ ਗ਼ਰੀਬ ਲਈ ਬਾਧਕ ਹੈ, ਇਹੁ ਨਹੀਂ।

ਲੜਕੀ ਵੀ ਮਾਤਾ ਪਿਤਾ ਵਲੋਂ ਪੁੱਤਾਂ ਵਾਂਗ ਹੀ ਲਾਡਾਂ ਨਾਲ ਪਾਲੀ ਪੋਸੀ ਹੁੰਦੀ ਹੈ। ਪ੍ਰੰਤੂ ਪਰੰਪਰਾ ਰੀਤ ਅਨੁਸਾਰ ਬੇਟੀਆਂ ਸਦਾ ਘਰ ਨਹੀਂ ਰੱਖੀਆਂ ਜਾ ਸਕਦੀਆਂ। ਵਿਆਹ ਦਾ ਦੂਜੇ ਘਰਿ ਜਾਣਾ ਹੀ ਸਹੀ ਸੁਮਾਜਕ ਵਧਾਨ ਹੈ। ਇਸ ਕਰਕੇ ਮਾਤਾ ਪਿਤਾ ਦਾ ਪੁੱਤ੍ਰੀ ਨੂੰ ਸਹੁਰੇ ਘਰਿ ਤੋਰਨ ਵੇਲੇ, ਖਾਲੀ ਤੋਰਨਾ ਮੁਨਾਸਬ ਨਹੀਂ—ਸਮਝਿਆ

Sri Satguru Jagjit Singh Ji Elibrary NamdhariElibrary@gmail.com

ਜਾਂਦਾ। ਤਦਾਨੁਸਾਰ ਲੜਕੀ ਨੂੰ ਯਥਾ-ਸ਼ਕਤਿ ਦਾਨ ਦੇਂਦੇ ਹੈਨ, ਅਤੇ, ਹਮੇਸ਼ ਲਈ ਮਿਲਵਰਤਣ ਦਾ ਮੁੱਢ ਬੱਝ ਜਾਂਦਾ ਹੈ।

ਏਹੁ ਗੱਲ ਸਰਕਾਰੀ ਕਾਨੂੰਨ ਹੇਠ ਆ ਚੁੱਕੀ ਹੈ ਕਿ ਮਾਤਾ-ਪਿਤਾ ਸਕੇ ਸਬੰਧੀਆਂ ਵਲੋਂ ਵਿਵਾਹ ਸਮੇਂ ਜੋ ਲੜਕੀ ਨੂੰ ਦਾਜ ਯਾਂ ਕੰਨਿਆਂ ਦਾਨ ਦਿਤਾ ਜਾਂਦਾ ਹੈ। ਓਹੋ ਸਾਰੀ ਹੀ ਲੜਕੀ ਦੀ ਵਰਾਸਤ ਹੈ, ਇਸ ਤੇ ਕੁੜੀ ਦੇ ਸਸ-ਸਹੁਰੇ ਦੇਵਰ ਜੇਠ ਆਦਿਕਾਂ ਦਾ ਕੋਈ ਹੱਕ ਨਹੀਂ ਹੁੰਦਾ।

ਮਿਲਣੀ ਵੇਲੇ ਜੋ ਸਿਰੋਪਾਉ ਜਾਂ ਹੋਰ ਜੋ ਕੁਛ ਬੀ ਕੁੜਮ-ਕੁੜਮਣੀ ਨੂੰ ਅਤੇ ਹੋਰ ਦੂਜੇ ਨਿਜੀ ਸਬੰਧਤਾਂ ਆਦਿ ਨੂੰ ਜਾਣ-ਪਹਿਚਾਣ, ਹਿੱਤ-ਭੇਟ ਕੀਤਾ ਜਾਂਦਾ ਹੈ ਓਸ ਪਰ ਬੇਟੀ ਦਾ ਕੋਈ ਹੱਕ ਨਹੀਂ ਹੁੰਦਾ। ਸਮਝਣਾ ਤਾਂ ਏਹ ਚਾਹੀਦਾ ਹੈ।

ਗੜ-ਬੜ ਤਦੋ ਪੈਦਾ ਹੁੰਦੀ ਹੈ, ਜਦ ਲੜਕੀ ਦੀ ਸੰਪਤੀ ਤੇ ਇਸ ਦੇ ਸੱਸ-ਸਹੁਰੇ ਅਯੋਗ ਕਬਜ਼ਾ ਜਮੇਂਦੇ ਹੋਨ ਲਾਲਚ ਬਸ ਘਰ ਦਾ ਵਾਤਾਵਰਣ ਵਿਗਾੜ ਲੈਂਦੇ ਹੋਨ।

ਅੰਤ ਸਿੱਟਾ ਕੀ ਹੁੰਦਾ ਹੈ ਕਿ ਬਰਬਾਦੀ। ਇਸ ਦੂਸ਼ਣ ਤੋਂ ਬਚਣ ਲਈ ਹਰਿ ਲੜਕੀ ਦੇ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਓਹੁ ਬੇਟੀ ਦੀ ਸ਼ਾਦੀ ਆਪਣੇ ਪੁਰਾਣੇ ਰਿਸ਼ਤੇਦਾਰਾਂ ਵਿਚ ਜਿੱਥੇ ਪੂਰੀ ਵਾਕਫੀ ਹੋਵੇ, ਕਰੇ। ਅੋਰ ਜਾਤ ਬ੍ਰਾਦਰੀ ਵਿਚ ਕਰੇ, ਤਾਕਿ ਸੁਮਾਜਕ ਵਧਾਨ ਵੀ ਕਾਇਮ ਰਹੇ ਅਤੇ ਛੱਡ ਛੜਾਈ-ਲੜਾਈ ਝਗੜੇ ਆਦਿ ਤੋ ਬਚਿਆ ਜਾ ਸਕੇ।

ਭਾਵੇਂ ਲੜਕੀ ਮਾਤਾ ਪਿਤਾ ਘਰੋਂ ਸਹੁਰੇ ਘਰਿ ਚਲੀ ਜਾਂਦੀ ਹੈ, ਪਰ ਇਨਾਹ ਦਾ ਪਿਆਰ ਮਿਲਵਰਤਣ ਕਦੇ ਨਹੀਂ ਟੁੱਟਦਾ। ਮਾਂ ਬਾਪ-ਉਸ ਦੇ ਮ੍ਰਿਤੱਕ ਸੰਸਕਾਰ ਤੋ ਬਾਦ ਵੀ ਇਸ਼ ਘਰ ਨਾਲ ਆਪਣਾ ਹਿੱਤ ਬਣਾ ਰਖਦੇ ਹੈਨ-ਅਤੇ ਦੇਣ ਲੈਣ ਵੀ ਬਰਾਬਰਿ ਬਣਿਆ ਰਹਦਾ ਹੈ।

ਕੀ ਜਿਸ ਘਰ ਲੜਕੀ ਆਪਣੀ ਮਾਂ ਬਾਪ ਦੀ ਗੋਦੀ 'ਚ ਖੇਲਦੀ ਸੁਖ ਮਾਣਦੀ ਰਹੀ ਹੋਵੇ ਵਿਦਆ ਦਾ ਪਠਨ, ਪਾਠਨ, ਸੀਣਾ-ਪ੍ਰੂਣਾ ਰਸੋਈ ਆਦੀ ਅਪਣੇ ਮਾ ਬਾਪ ਦੀ ਛੱਤ੍ਰ ਛਾਇਆਂ ਹੇਠ ਕਰਦੀ ਰਹੀ ਹੋਵੇ, ਉਸ ਨੂੰ ਘਰੋਂ ਖਾਲੀ ਤੋਰਿਆ ਜਾਵੇ? ਐਸਾ ਕੋਈ ਸੰਤਾਨ ਹੀਣ ਹੀ ਕਰ ਸਕਦਾ ਹੈ, ਵਰਨਾ ਕੋਈ ਨਹੀਂ।

**ਪੀ. ਐਸ. ਕੰਵਲ**

# ਸੁਆਗਤ-ਸੁਆਗਤ

ਜੀਵਨ-ਪਰੰਪਰਾ ਵਿਚ ਵਿਆਹ ਦਾ ਬੜਾ ਮਹੱਤਵ ਭਰਿਆ ਸਥਾਨ ਹੈ । ਇਸਤ੍ਰੀ-ਪੁਰਖ ਵਿਆਹ ਸੰਬੰਧ ਵਿਚ ਬੱਝ ਕੇ ਪਰਿਵਾਰ ਦੇ ਅੰਗ ਬਨ ਜਾਂਦੇ ਹਨ ਅਤੇ ਆਪਣੀ ਅੰਸ਼-ਔਲਾਦ ਦੀ ਸਿਖਿਆ-ਦੀਖਿਆ ਅਤੇ ਪਾਲਣ-ਪੋਸਣ ਲਈ ਜ਼ੁੰਮੇਵਾਰ ਬਣ ਜਾਂਦੇ ਹਨ । ਨਿਸਚੇ ਹੀ ਸਿਹਤਮੰਦ ਸਮਾਜਿਕ ਜੀਵਨ ਬਤੀਤ ਕਰਨ ਲਈ ਵਿਆਹ ਲਾਜ਼ਮੀ ਸ਼ਰਤ ਹੈ । ਸਦੀਆਂ ਤੋਂ ਚਲੀ ਆ ਰਹੀ ਸਮਾਜਿਕ ਸਿਆਣਪ ਨੇ ਵਿਆਹ ਨੂੰ ਧਰਮ ਨਾਲ ਸੰਬੰਧਿਤ ਕਰਕੇ ਵਿਆਹ-ਰੀਤ ਉਪਰ ਆਪਣੀ ਮੋਹਰ ਲਾ ਦਿੱਤੀ ਹੈ । ਇਸ ਪੁਸਤਕਾਂ ਦੇ ਲੇਖਕ ਨੇ ਇਸੇ ਗੱਲ ਉਪਰ ਬਲ ਦਿੱਤਾ ਹੈ । ਉਹਨਾਂ ਦਾ ਦ੍ਰਿੜ੍ਹ ਮਤ ਹੈ ਕਿ ਪਰਿਵਾਰਕ ਜੀਵਨ ਅਤੇ ਧਰਮ ਦਾ ਚੋਲਤ-ਦਾਮਨ ਦਾ ਸੰਬੰਧ ਹੈ । ਧਰਮ ਦੀ ਨੀਂਹ ਉੱਪਰ ਹੀ ਸੰਤੁਲਿਤ ਪਰਿਵਾਰ ਦੀ ਉਸਾਰੀ ਕੀਤੀ ਜਾ ਸਕਦੀ ਹੈ ।

ਉਹਨਾ ਦੇ ਵਿਚਾਰ ਡੂੰਘੀ ਸੋਚ-ਵਿਚਾਰ ਦੀ ਮੰਗ ਕਰਦੇ ਹਨ । ਉਹਨਾਂ ਦਾ ਮਤ ਹੈ ਕਿ ਪਛਮੀ ਸਿਖਿਆ ਦੇ ਪ੍ਰਭਾਵ ਹੇਠ ਭਾਰਤਵਾਸੀ ਆਪਣੀਆਂ ਪਰੰਪਰਕ ਕਦਰਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਜਿਸ ਦੇ ਫਲ ਸਰੂਪ ਬਹੁਤ ਸਾਰੀਆਂ ਸਮਸਿਆਵਾਂ ਪੈਦਾ ਹੋ ਰਹੀਆਂ ਹਨ ਅਤੇ ਪਰਿਵਾਰਕ ਜੀਵਨ ਵਿਚ ਕਲੇਸ਼ ਵਧ ਰਹੇ ਹਨ । ਸਰਦਾਰ ਜੀ ਬੜੇ ਸਰਲਚਿਤ ਵਿਅਕਤੀ ਹਨ ਅਤੇ ਉਹਨਾਂ ਦਾ ਮਤ ਹੈ ਕਿ ਇਹਨਾਂ ਸਮਸਿਆਵਾਂ ਦੇ ਸਮਾਧਾਨ ਵਿਚ ਧਰਮ ਬੜੀ ਮਹੱਤਵ-ਪੂਰਨ ਭੂਮਿਕਾ ਅਦਾ ਕਰ ਸਕਦਾ ਹੈ ।

ਅਜ ਦੀਆਂ ਸਮਸਿਆਵਾਂ ਬੜੀਆਂ ਜਟਿਲ ਹਨ । ਦਾਜ ਉਹਨਾਂ ਵਿਚੋਂ ਇਕ ਹੈ । ਪੁਰਾਣੇ ਸਮੇਂ ਵਿਆਹ ਧਾਰਮਿਕ ਖੇਤਰ ਦੀ ਰੀਤ ਸੀ ਤੇ ਇਸ ਨੂੰ "ਕੰਨਿਆ ਦਾਨ" ਕਿਹਾ ਜਾਂਦਾ ਸੀ । ਦਹੇਜ਼ ਦਾਨ ਦਾ ਹੀ ਇਕ ਅੰਗ ਸੀ । ਅਜ ਇਹ ਧਰਮ-ਬਾਹਰਲੇ ਆਰਥਿਕ ਖੇਤਰ ਦੀ ਰੀਤ ਬਣ ਗਈ ਹੈ । ਦਾਨ ਵਿਚ ਨਾ ਦਾਨ-ਪਾਤਰ ਕੋਈ ਮੰਗ ਕਰਦਾ ਹੈ ਅਤੇ ਨਾ ਹੀ ਦਾਤਾ ਕਿਸੇ ਮੰਗ ਨੂੰ ਪੂਰਿਆਂ ਕਰਦਾ ਹੈ । ਦੋਵੇਂ ਧਿਰਾਂ ਧਰਮ ਦੇ ਸੰਜਮ ਅਧੀਨ ਵਿਚਰਦੀਆਂ ਹਨ, ਉਸ ਸੰਜਮ ਨੂੰ ਅਜ ਦੇ ਲੋਕ ਵਿਸਾਰ ਚੁੱਕੇ ਹਨ । ਇਸ ਪੁਸਤਕ ਦਾ ਲੇਖਕ ਵਿਆਹ ਨੂੰ ਮੁੜ ਧਰਮ, ਦਾਨ ਅਤੇ ਸੰਜਮ-ਸੰਤੋਖ ਨਾਲ ਜੋੜਨਾ ਚਾਹੁੰਦਾ ਹੈ । ਕੀ ਉਸ ਦੀ ਚਾਹ ਪੂਰੀ ਹੋ ਸਕੇਗੀ ? ਇਸ ਪ੍ਰਸ਼ਨ ਦਾ ਦੋ-ਟੁਕ ਜਵਾਬ ਨਹੀਂ ਦਿੱਤਾ ਜਾ ਸਕਦਾ ।

ਲੇਖਕ ਨਾਮਧਾਰੀ ਸੰਪਰਦਾਇ ਨਾਲ ਸੰਬੰਧਿਤ ਹੈ । ਇਸ ਸੰਪਰਦਾਇ ਨੇ ਵਿਆਹ ਦੀ ਰਸਮ ਨੂੰ ਸੁਖੈਨ ਬਣਾਉਣ ਦਾ ਜਤਨ ਕੀਤਾ ਹੈ । ਵਿਆਹ ਘਟ ਤੋਂ ਘਟ ਖਰਚ

Sri Satguru Jagjit Singh Ji Elibrary NamdhariElibrary@gmail.com

ਨਾਲ ਸੰਪਨ ਕੀਤਾ ਜਾਂਦਾ ਹੈ। ਇਕੋ ਵੇਲੇ ਕਈ ਸੁਭਾਗ ਜੋੜੀਆਂ ਦਾ ਵਿਆਹ ਹੁੰਦਾ ਹੈ। ਆਪਣੇ ਧਰਮ ਦੀ ਪ੍ਰਧਾਨ ਸ਼ਖਸੀਅਤ ਦੀ ਮੌਜੂਦਗੀ ਕਾਰਨ ਖ਼ਰਚੀਲੀਆਂ ਰਸਮਾਂ ਨਹੀਂ ਹੋ ਸਕਦੀਆਂ। ਨਿਸਚੇ ਹੀ ਇਹ ਬੜੀ ਸਿਹਤਮੰਦ ਰੀਤ ਹੈ ਤੇ ਪ੍ਰਸੰਸਾ-ਯੋਗ ਹੈ। ਪਰ, ਜੇ ਮੰਨ ਲਿਆ ਜਾਵੇ ਕਿ ਵਿਆਹ ਦਾ ਬਾਹਰੋਂ ਦਿਸਦਾ ਇਹ ਸਾਦਾ ਰੂਪ ਹੀ ਇਸ ਦਾ ਅੰਤਮ ਰੂਪ ਹੈ ਤਾਂ ਆਪਣੇ ਆਪ ਨੂੰ ਧੋਖਾ ਦੇਣਾ ਹੋਵੇਗਾ। ਨਾਮਧਾਰੀ ਜੋੜੀਆਂ ਦੀਵਾਨ ਵਿਚ ਸਾਦਗੀ ਨਾਲ ਵਿਆਹ ਕਰਵਾ ਲੈਂਦੀਆਂ ਹਨ, ਪਰ ਮੁਕਲਾਵੇ ਵੇਲੇ ਮੁੜ ਉਸੇ ਲੈਣ-ਦੇਣ ਦੇ ਵਰਤ-ਵਿਹਾਰ ਨੂੰ ਪਹਿਲ ਮਿਲਦੀ ਹੈ।

ਭਾਵੇਂ ਕਿਸੇ ਪਛਮੀ ਤਾਲੀਮ ਲਈ ਹੈ ਜਾਂ ਨਹੀਂ, ਭਾਵੇਂ ਕੋਈ ਸਾਦਗੀ-ਪਸੰਦ ਹੈ ਜਾਂ ਨਹੀਂ. ਉਹਨੇ ਰਹਿਣਾ ਤਾਂ ਆਧੁਨਿਕ ਸਮੇਂ ਦੀਆਂ ਪ੍ਰਚਲਿਤ ਰੀਤਾਂ ਵਿਚਕਾਰ ਹੈ। ਵਿਆਹ ਸਮਾਜਿਕ ਵਿਹਾਰ ਹੈ। ਕੋਈ ਵਿਅਕਤੀ ਨਿਜੀ ਤੌਰ ਤੇ ਇਸ ਨੂੰ ਸਾਦਗੀ ਵਾਲਾ ਰੂਪ ਭਾਵੇਂ ਦੇ ਲਵੇ, ਪਰ ਇਹ ਸਮਾਜਿਕ ਦਬਾਉ ਤੋਂ ਪੂਰੀ ਤਰ੍ਹਾਂ ਮੁਕਤ ਕਦੇ ਵੀ ਨਹੀਂ ਹੋ ਸਕਦਾ। ਧਾਰਮਿਕ ਗੁਰੂ ਸਾਦਗੀ ਦੇ ਆਦੇਸ਼ ਦੇ ਦੇਂਦੇ ਹਨ, ਸਰਕਾਰ ਵੀ ਸਾਦਾ ਕਾਨੂੰਨ ਬਣਾ ਦੇਂਦੀ ਹੈ, ਗ਼ਰੀਬ ਬੰਦਾ ਬੇਲੋੜੇ ਖੁਰਚਾਂ ਤੋਂ ਬਚਣਾ ਵੀ ਚਾਹੁੰਦਾ ਹੈ ਪਰ ਸਮਾਜਿਕ ਦਬਾਉ ਅਧੀਨ ਪਰਨਾਲਾ ਓਥੇ ਦਾ ਓਥੇ ਰਹਿੰਦਾ ਹੈ।

ਤਾਂ ਵੀ ਸਮਾਜਿਕ ਭ੍ਰਿਸ਼ਟਾਚਾਰ ਦੇ ਵਿਰੁਧ ਰੋਸ ਪ੍ਰਗਟ ਹੁੰਦਾ ਰਹਿਣਾ ਚਾਹੀਦਾ ਹੈ। ਇਸ ਪੁਸਤਕ ਵਿਚ ਵੀ ਇਸ ਤਰ੍ਹਾਂ ਦੇ ਰੋਸ ਦਾ ਸੁਰ ਹੈ। ਇਹ ਲੇਖਕ ਆਧੁਨਿਕ ਭ੍ਰਿਸ਼ਟਾਚਾਰ ਵਿਰੁਧ ਲੜਾਈ ਪਰੰਪਰਕ ਧਾਰਮਿਕ ਹਥਿਆਰਾਂ ਨਾਲ ਲੜਨ ਦਾ ਜਤਨ ਕਰਦਾ ਹੈ। ਇਹ ਸਾਦਗੀ ਦੇ ਹਕ ਵਿਚ ਪਰੰਪਰਾ ਦਾ ਵੋਟ ਹੈ। ਸਰਲ-ਸੁਖੈਨ ਬੋਲੀ ਵਿਚ ਲਿਖੀ ਇਹ ਰਚਨਾ ਲੇਖਕ ਦੇ ਮਨ ਦੀ ਸਵੱਛਤਾ ਦੀ ਗਵਾਹੀ ਦੇਂਦੀ ਹੈ।

ਅਜੇਹੀ ਸਵੱਛਤਾ ਦਾ ਸਦਾ ਸੁਆਗਤ ਹੈ

**ਡਾ: ਹਰਭਜਨ ਸਿੰਘ**
ਸੀ-158 ਮਾਨਸਰੋਵਰ ਗਾਰਡਨ,
ਨਵੀਂ ਦਿੱਲੀ—110015

Sri Satguru Jagjit Singh Ji Elibrary NamdhariElibrary@gmail.com

# ਆਰੰਭਕ ਜਾਣਕਾਰੀ

ਕੋਈ ਵੀ ਪੁਸਤਕ ਲਿਖਣ ਲਈ ਲੇਖਕ ਦੇ ਸਾਹਮਣੇ ਕੋਈ ਨਾ ਕੋਈ ਉਦਾਹਰਣ ਆ ਜਾਂਦਾ ਹੈ। ਇਸ ਦੇ ਦਿਮਾਗ ਵਿਚ ਆਉਣ ਨਾਲ ਲੇਖਕ ਦੇ ਵਿਚਾਰ ਉਭਰਦੇ ਹਨ ਤਾਂ ਲਿਖਾਰੀ ਓਹਨਾਂ ਵਿਚਾਰਾਂ (ਖਿਆਲਾਂ) ਦੇ ਅਧਾਰ ਤੇ ਆਪਣੀ ਰਚਨਾ ਦੇ ਸਰੂਪ ਨੂੰ ਚਿਤ੍ਰਿਤ ਕਰਦਾ ਹੈ, ਅਤੇ ਪੁਰਾਣੇ ਲਿਖੇ ਵਿਦਵਾਨਾਂ ਦਾ ਸਹਾਰਾ ਵੀ ਲੈਂਦਾ ਹੈ ਤਾਂ ਕਿ ਜੋਹੜੀ ਮੈਂ ਰਚਨਾ ਕਰ ਰਿਹਾ ਹਾਂ ਉਸ ਦੀ ਸਹੀ ਪ੍ਰਪੱਕਤਾ ਹੋ ਸਕੇ।

ਮੇਰੀ ਇਸ ਪੁਸਤਕ ਦੇ ਲਿਖਣ ਦਾ ਵੀ ਇਹੋ ਮੰਤਵ ਹੈ ਕਿ ਮੈਂ ਇਕ ਦਿਨ T V. ਤੇ ਲੜਕੀਆਂ ਦੇ ਵਿਚਾਰ ਵਟਾਂਦਰੇ ਸੁਣੇ ਜਿਨ੍ਹਾਂ ਦਾ ਮੁਖ ਵਿਸ਼ਾ, ਲੜਕੀਆਂ ਦੇ ਵਿਵਾਹ (ਸ਼ਾਦੀਆਂ) ਤੇ ਮਾਤਾ-ਪਿਤਾ ਵਲੋਂ ਦਾਜ (Dowry) ਦਾ ਮਸਲਾ ਸੀ। ਪਰ ਇਕ ਪੰਜਾਬੀ ਕੁੜੀ ਦੇ ਮੂੰਹ ਤੋਂ ਇਹ ਗਲ ਸਾਹਮਣੇ ਆਈ ਕਿ ਸਾਨੂੰ ਦਾਜ (ਡਊਰੀ) ਦੀ ਲੋੜ ਨਹੀਂ ਕੇਵਲ ਮਾਂ ਬਾਪ ਦੀ ਸੰਪਤੀ ਚੋਂ ਭਰਾਵਾਂ ਬਰਾਬਰਿ ਹਿੱਸਾ ਮਿਲਣਾ ਚਾਹੀਦਾ ਹੈ। ਮੈਨੂੰ ਇਹ ਗਲ ਚੰਗੀ ਨਹੀਂ ਲਗੀ ਕਿਉਂ ਇਹੋ ਬਿਲਕੁਲ ਅਯੋਗ ਧਾਰਨਾ ਹੈ ਮੈਂ ਇਸ ਦਾ ਸਮਾਧਾਨ ਕਰਨ ਹਿੱਤ, ਅਤੇ ਇਸ ਅਯੋਗ ਧਾਰਨਾ ਨੂੰ ਝੁਠਲੌਣ-ਹਿੱਤ ਮੈਨੂੰ ਇਹ ਪੁਸਤਕ "ਮਾਤਾ ਪਿਤਾ ਘਰ ਬੇਟੀ ਦੇ ਅਧਿਕਾਰ" ਦਾ ਸਿਰਲੇਖ ਦੇ ਕੇ ਲਿਖਣ ਲਈ ਮਜਬੂਰ ਹੋਣਾ ਪਿਆ। ਅਤੇ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦਿਆਂ ਮੈਨੂੰ ਕੋਈ ਹਿਚਕ-ਚਾਹਟ ਨਹੀਂ, ਨਾਲ ਹੀ ਮੈਂ ਇਸ ਵਿਚ ਗੁਰਮਤ ਅਨੁਸਾਰ ਗੁਰਬਾਣੀ ਵਿਚੋਂ ਸਿੱਖਿਆ ਦੇ ਕੁਝ ਉਦਾਹਰਣ ਦਿਖਾਏ ਹਨ, ਅਤੇ ਹਿੰਦੂ ਮੁਸਲਮਾਨਾਂ ਦੇ ਨਕਾਹ-ਵਿਵਾਹ ਆਦਿਕਾਂ ਦੇ ਉਦਾਹਰਣ ਵੀ ਯਥਾ ਸਕਤ ਦਿਤੇ ਹਨ, ਤਾਂਕਿ ਪਾਠਕਾਂ ਦੇ ਗਿਆਨ ਵਿਚ ਕੁਛ ਹੋਰ ਵਾਧਾ ਹੋ ਸਕੇ ਅਤੇ ਗ੍ਰਿਸਤ ਮਾਰਗ ਦੀ ਸਹੀ ਤਸਵੀਰ ਸਾਹਮਣੇ ਦਿਸੇ।

ਗੁਰ ਨਾਨਕ ਦੇਵ ਮਹਾਰਾਜ ਦੀ ਉਚਾਰੀ ਬਾਣੀ ਸਾਰੀ ਮਾਨਵਤਾ ਲਈ ਸਾਂਝੀ ਅਤੇ ਸ੍ਰੇਸਟ ਗੁਣ ਭਰਪੂਰ ਪਾਈ ਗਈ ਹੈ, ਇਸ ਵਿਚ ਗ੍ਰਿਸਤ ਮਾਰਗ ਲਈ ਸਾਰੇ ਦੁਖਾਂ-ਸੁਖਾਂ ਦਾ ਭਰਪੂਰ ਵਰਨਣ ਮਿਲਦਾ ਹੈ, ਕਿ ਇਸਤ੍ਰੀ ਕੇਹੋ ਜਿਹੇ ਲੱਛਣਾ ਵਾਲੀ ਅਤੇ ਪੁਰਸ਼ ਦੇ ਕੀ ਵਿਚਾਰ ਹੋਣੇ ਚਾਹੀਦੇ ਹਨ। ਅੱਛੇ ਗੁਣਾਂ ਵਾਲੀ ਇਸ਼ਤ੍ਰੀ ਕਿਵੇਂ ਆਪਣੇ ਸਹੁਰੇ ਪ੍ਰਵਾਰ ਨੂੰ ਵਸ ਵਿਚ ਕਰ ਸਕਦੀ ਹੈ ਅਤੇ ਇਸਤ੍ਰੀ ਹੀ ਇਕ ਐਸੀ ਅਨੋਖੀ ਗੁਣ ਭਰਪੂਰ ਸਮਝੀ ਗਈ ਹੈ, ਜਿਸ ਤੋਂ ਗੁਰੂ ਨਾਨਕ ਦੇਵ ਜੀ ਦੇ ਕਥਨਾ ਅਨੁਸਾਰ, "ਭੰਡ



Sri Satguru Jagjit Singh Ji Elibrary NamdhariElibrary@gmail.com

ਜੈਸੇ ਛੰਡ ਨਿਮੈਂਖੈਂ" ਆਦਿ ਦਾ ਵਿਧਾਨ ਦਰਸਾਇਆ ਗਿਆ ਹੈ, ਭਾਵ ਸ਼ੁਭ ਗੁਣਾਂ ਵਾਲੀ ਇਸਤ੍ਰੀ ਪੁਰਸ਼ਾਂ ਤੋਂ ਅੱਛੀ ਸੰਤਾਨ (ਭਗਤ, ਰਾਜੇ, ਦਾਨੀ, ਸੂਰਬੀਰ ਜੋਧੇ, ਆਦਿਕਾਂ ਦੀ ਉਤਪਤੀ ਹੋ ਸਕਦੀ ਹੈ; ਅਤੇ ਐਸੇ ਸ਼ੁਭ ਗੁਣਾਂ ਵਾਲੀ ਦੇਵੀ ਦੀ ਪੂਜਾ ਕਰਨੀ ਚਾਹੀਏ :

ਕਿਉਂਕਿ ਜਿਸ ਪ੍ਰਾਣੀ ਵਿਚ ਕੋਈ ਸ਼ੁਭ ਗੁਣ ਨਹੀਂ ਉਸ ਦੀ ਸੰਸਾਰ ਵਿਚ ਕੋਈ ਕੀਮਤ ਨਹੀਂ ਰਵਾ :—

ਗੁਣ ਵਿਹੀਨ ਪੂਜਾ ਕਹਾ, ਵਿੱਦਯਾ ਬਿਨ ਮਾਨਾ।
ਜੋਤ ਕਹਾਂ ਬਿਨ ਸੁਰਤਾ, ਮਨ ਬਿੱਤ ਬਿਨ ਧਿਆਨਾ।
ਬਿਨ ਸੰਤੋਖ ਉਰ ਸੁਖ ਕਹਾਂ। ਤੱਪ ਬਿਨਾ ਨਾ ਰਾਜੁ।
ਭਗਤਿ ਕਹਾ ਬਿਨ ਪ੍ਰਭੂ ਕੇ, ਸੇਵਾ ਸੁਰ ਲਾਜੁ।
ਬਿਨ ਸਿੱਖੀ ਤਰਬੋ ਕਹਾਂ, ਜਗ ਸਾਗਰ ਭਾਰਾ।
ਦਿਵਸ ਕਹਾਂ ਸੂਰਜ ਬਿਨਾ ਮੈਂ ਏਵ ਬਿਚਾਰਾ।

(ਸੂਰਜ ਪ੍ਰਕਾਸ)

## ਸਿੱਖ ਧਰਮ ਗ੍ਰੰਥ ਦੀ ਵਿਸ਼ੇਸ਼ਤਾ

ਇਸ ਲਈ ਕੀ ਇਸਤ੍ਰੀ, ਕੀ ਪੁਰਸ਼ ਨੂੰ ਸ੍ਰੇਸ਼ਟ ਗੁਣ ਧਾਰਨ ਕਰਨੇ ਚਾਹੀਦੇ ਹਨ। ਅਬ ਸਾਡੇ ਸਿੱਖ ਧਰਮ ਨੂੰ ਇਸ ਗਲ ਦਾ ਵੀ ਮਾਣ ਤੇ ਗੌਰਵ ਹੈ ਕਿ ਸਾਡਾ ਧਰਮ ਗ੍ਰੰਥ ਹਰ ਪਖੋਂ ਸੰਪੂਰਣ ਤੇ ਸਰਵ ਵਿਆਪੀ ਹੈ, ਕਿਉਂਕਿ ਇਸ ਦੀ ਰਚਨਾ ਇਸ ਦੇ ਰਚਨ-ਹਾਰਿਆਂ ਨੇ ਆਪ ਕਰਕੇ ਇਸ ਤੇ ਸੰਪੂਰਣਤਾ ਦੀ ਮੋਹਰ ਮੁੰਦਾਵਣੀ ਲਿਖਿ ਕੇ ਲਾ ਦਿਤੀ। ਜਿਸ ਵਿਚ ੧ ਓਅੰਕਾਰ ਤੋਂ ਲੈ ਕੇ ਅੰਤਲੇ ਭੋਗ ਦੇ ਸ਼ਬਦਾਂ ਤਾਈਂ ਆਪ ਲਿਖਿ ਕੇ ਸ਼ਪੱਸ਼ਟਤਾ ਕਰ ਦਿਤੀ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਦੂਜੇ ਧਰਮ ਗ੍ਰੰਥ ਉਹਨਾਂ ਦੇ ਰਚਨਹਾਰਿਆਂ ਆਪ ਸੰਕਲਿੱਤ ਨਹੀਂ ਕੀਤੇ ? ਇਸ ਵਿਚ ਵਿਚਾਰ ਦੇ ਹੈ ਕਿ ਸਭ ਤੋਂ ਪਹਿਲੀ ਮਹਾਨ ਰਚਨਾ ਰਿਗਵੇਦ ਹੈ। ਇਹੁ ਬਹੁਤ ਚਿਰ ਜ਼ੁਬਾਨੀ ਕੰਠਾਹਾਰ ਹੀ ਚਲਿਆ ਆ ਰਿਹਾ ਸੀ। ਬਹੁਤ ਸਦੀਆਂ ਜੁਗਾਂ ਪਿਛੋਂ ਲਿਖਤ ਵਿਚ ਆਇਆ। ਇਸ ਤੋਂ ਪਿਛੋਂ ਸ੍ਰੀ ਗੀਤਾ ਦੀ ਰਚਨਾ ਹੋਈ ਜੋ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕੁਰਖੇਤ੍ਰ ਵਿਚ ਅਰਜੁਨ ਨੂੰ ਉਪਦੇਸ਼ ਪ੍ਰਤੀ ਉਚਾਰਨ ਕੀਤੀ; ਅਤੇ ਵੇਦ ਵਿਆਸ ਜੀ ਨੇ ਸੰਕਲਿੱਤ ਕੀਤੀ। ਏਹੀ ਹਾਲ ਭਗਵਾਨ ਬੁੱਧ ਦੇ ਧਰਮ ਗ੍ਰੰਥ (ਧਮਪਦ) ਦਾ ਹੈ, ਜੋ ਬੁਧ ਦੇ ਮਹਾਂ ਨਿਰਬਾਣ ਪਦ ਤੋਂ ਲੈ ਕੇ ਕੋਸੋਂ ਸਾਲ ਪਿਛੋਂ ਸੰਕਲਿੱਤ ਕੀਤਾ ਗਿਆ। ਕੁਰਾਨ ਸਰੀਫ ਸਬੰਧੀ ਤੇ ਆਮ ਵਿਚਾਰ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਅਨਪੜ੍ਹ ਓਮੀ ਸਨ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ,



Sri Satguru Jagjit Singh Ji Elibrary NamdhariElibrary@gmail.com

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਆਪ ਕੀਤੀ, ਅਤੇ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ "ਦਸਮ ਗ੍ਰੰਥ" ਆਪ ਲਿਖਿਆ ਤੇ ਸੋਧਿਆਂ ਮੁਕੰਮਲ ਕੀਤਾ; ਭਾਵੇਂ ਇਸ ਨੂੰ ਭਾ: ਮਨੀ ਸਿੰਘ ਜੀ ਸ਼ਹੀਦ (ਜੋ ਦਸਮੇਸ਼ ਜੀ ਦੇ ਲਿਖਾਰੀ ਸਨ) ਨੇ ਜਿਲਦ ਬੰਧ ਕੀਤਾ ਆਦਿ।

**ਪੁਸਤਕ ਰਚਨਾ—**

ਜਦ ਤੋਂ ਸੰਸਾਰ ਤੇ ਇਤਿਹਾਸ ਦਾ ਜਨਮ ਹੋਇਆ ਅਜ ਤੀਕ ਬੜੇ ੨ ਵਿਦਵਾਨਾਂ ਨੇ ਵਡੇ ਵਡੇ ਗ੍ਰੰਥਾਂ ਦੀ ਰਚਨਾ ਕੀਤੀ ਹੈ, ਪਰ ਉਹਨਾ ਵੀ ਪੁਰਾਤਨ ਗ੍ਰੰਥਾਂ ਦੀ ਖੋਜ ਦੁਆਰਾ ਹੀ ਨਵੀਂ ਰਚਨਾ ਦਾ ਆਰੰਭ ਕੀਤਾ ਅਤੇ ਪਿਛਲੇ ਲਿਖਾਰੀਆ ਦੇ ਕੱਠੇ ਕੀਤੇ ਇਤਿਹਾਸਕ ਮਸਾਲੇ ਦਾ ਵੀ ਸਹਾਰਾ ਲਿਆ ਪਰੰਤੂ ਉਨ੍ਹਾਂ ਪੁਰਾਣੀ ਖੋਜ ਵਿਚ ਕੋਈ ਨਾ ਕੋਈ ਤਰੁੱਟੀ ਵੇਖ ਕੇ ਆਪਣੇ ਵਿਚਾਰ ਭਰ ਦਿਤੇ, ਜਿਸ ਤੇ ਪਾਠਕਾਂ ਨੂੰ ਫਿਰ ਨਵੀਂ ਵਿਚਾਰ ਪਰ ਧਿਆਨ ਆ ਜਾਂਦਾ ਹੈ, ਤੇ ਕਈ ਪਾਠਕ ਪਿਛਲੀ ਰਚਨਾ ਨੂੰ ਸੱਚੀ ਸਮਝ ਨਵੀਂ ਤੇ ਨਿਸਚਾ ਨਹੀਂ ਕਰਦੇ, ਤੇ ਕਈ ਸਜਨ ਪੁਰਾਣੀਆਂ ਲਿਖਤਾਂ ਨੂੰ ਗਪੌੜੇ ਮੰਨਦੇ ਹਨ।

ਪਰ ਹਰੇਕ ਰਚਨਾ ਭਾਵੇਂ ਕਿਸੇ ਵਿਦਵਾਨ ਦੀ ਲਿਖੀ ਹੋਈ ਹੋਵੇ ਪੂਰਣ ਸਿੱਧ ਨਹੀਂ ਹੋਈ, ਕਿਉਂਕਿ ਹਰੇਕ ਲਿਖਾਰੀ ਸਮਝਦਾ ਹੈ ਕਿ ਜੋ ਕੁਛ ਮੈਂ ਲਿਖ ਦਿਤਾ ਹੈ ਇਹੋ ਠੀਕ ਹੈ। ਠੀਕ ਹੁੰਦਾ ਇਸ ਲਈ ਨਹੀਂ ਕਿਉਂ ਸੰਸਾਰ ਅਨੇਕ ਮਤਾਂ (ਮਜਹਬਾਂ) ਦਾ ਪੈਰੋਕਾਰ ਹੋ ਚੁਕਾ ਹੈ, ਤੇ ਹਰੇਕ ਲਿਖਾਰੀ ਆਪਣੇ ਮਜਹਬ (ਧਰਮ) ਦੀ ਉਪਮਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਸ਼ ਕਰਦਾ ਹੈ ਭਾਵੇਂ ਕਿੰਨਾ ਵੀ ਕੋਈ ਨਿਰਪੱਖਤਾ ਦਾ ਸਬੂਤ ਦੇਵੇ ਫਿਰ ਭੀ ਉਸ ਵਿਚ ਕੋਈ ਨਾ ਕੋਈ ਤਰੁੱਟੀ ਰਹਿ ਜਾਣੀ ਸੰਭਵ ਹੈ। ਇਸ ਕਾਰਣ ਸਭ ਦੁਨਿਆਵੀ ਪੁਸਤਕ ਪੂਰਣ ਨਹੀਂ ਕਹੇ ਜਾ ਸਕਦੇ।

**ਗੁਰਮਤ ਤੇ ਗੁਰਮਰਯਾਦਾ**

ਸਭ ਤੋਂ ਪਹਿਲਾਂ ਸਾਨੂੰ ਗੁਰਮਤ ਤੇ ਗੁਰਮਰਯਾਦਾ ਨੂੰ ਸਮਝਣਾ ਚਾਹੀਦਾ ਹੈ। ਗੁਰਮਤਿ ਦਾ ਭਾਵ ਹੈ ਕਿ ਜੋ ਕੰਮ ਗੁਰੂ ਦੀ ਹਾਜ਼ਰੀ ਵਿਚ ਕੀਤੇ ਜਾਣ ਜਾਂ ਗੁਰੂ ਦੇ ਹੁਕਮਾਂ ਅਨੁਸਾਰ, ਉਹ ਗੁਰੂ ਮੱਤਿ ਕਹਾਉਂਦੀ ਹੈ ਅਤੇ ਉਹ ਜਦੋਂ ਗੁਰੂ ਦੁਆਰਾ ਲਿਖਤ ਰੂਪ ਵਿਚ ਆ ਗਏ ਹੋਣ ਉਹਨਾ ਸ਼ੁਭ ਉਪਦੇਸਾਂ ਦਾ ਨਾਮ ਗੁਰੂ ਮਰਯਾਦਾ ਮੰਨੀ ਗਈ ਹੈ।

ਗੁਰੂ ਨਾਨਕ ਦੇਵ ਜੀ ਅਤੇ ਇਨ੍ਹਾਂ ਦੇ ਜਾਂ ਨਸ਼ੀਨਾਂ ਗੁਰੂਆਂ ਨੇ ਆਪਣੇ ਸਿੱਖਾਂ ਦੇ ਹਰ ਸਮੇਂ (ਖੁਸ਼ੀ–ਗ਼ਮੀ) ਲਈ ਸ਼ਬਦ ਉਚਾਰਣ ਕੀਤੇ, ਅਤੇ ਨਾਨਕ ਨਾਮ–ਲੇਵਾ ਸਿੱਖਾਂ ਨੇ ਆਪਣੇ ਗੁਰੂਆਂ ਦੀ ਬਾਣੀ ਤੇ ਭਰੋਸਾ ਰਖ ਆਪਣੇ ਸਾਰੇ ਕਾਰ–ਵਿਹਾਰ, ਗੁਰਬਾਣੀ



Sri Satguru Jagjit Singh Ji Elibrary NamdhariElibrary@gmail.com

ਦੀ ਲਿਖੀ ਮਰਯਾਦਾ ਅਨੁਸਾਰ ਹੀ ਕੀਤੇ, ਦੂਸਰੇ ਧਰਮ ਅਵਿਲੰਬੀ ਵੀ ਆਪਣੇ ਬਜ਼ੁਰਗਾਂ ਦੀ ਬੰਧਤ ਮਰਯਾਦਾ ਅਨੁਸਾਰ ਹੀ ਕਰਦੇ ਹਨ। ਸਨਾਤਨ ਧਰਮ ਵਾਲੇ ਆਪਣੇ ਕਾਰਜ ਵੇਦ ਮੰਤ੍ਰਾਂ ਦੁਆਰਾ ਕੀਤੇ ਫਲੀ ਭੂਤ ਮੰਨਦੇ ਹਨ।

### ਵਸ਼ੇਸ਼

ਅਜ-ਕਲ ਸਾਡੇ ਦੇਸ਼ ਭਾਰਤ ਵਿਚ ਪੱਛਮੀ ਸਭਯਤਾ ਦਾ (ਅੰਗਰੇਜ਼ ਸਾਸ਼ਨ ਕਾਲ ਜੇਹਾ) ਹੀ ਬੋਲਬਾਲਾ ਹੈ। ਲੜਕੀਆਂ ਮਰਦਾਂ ਦੇ ਬਰਾਬਰਿ ਖੇਲ ਮੈਦਾਨਾਂ, ਪੁਲੀਸ, ਮਿਲਟਰੀ, ਆਦਿ ਵਿਚ ਕੰਮ ਕਰਦੀਆਂ ਹਨ। ਭਾਵ ਬਰਾਬਰ ਦੇ ਹੱਕ ਹਾਸਲ ਹਨ। ਮਰਦਾਂ ਨਾਲ ਵਿਚਾਰ ਵਟਾਂਦਰੇ ਕਰਦੀਆਂ ਹਨ। B.A.M.A ਤੀਕ ਵਿੱਦਯਾ ਦੀ ਪ੍ਰਾਪਤੀ ਹੈ। ਡਾ: ਵਕੀਲ ਵੀ ਹਨ।

ਇਹੁ ਬੜੀ ਸ਼ਲਾਘਾ ਯੋਗ ਗੱਲ ਹੈ। ਪਰ ਕਈ ਲੜਕੀਆਂ ਜਿਨ੍ਹਾਂ ਦੀ ਬਹੁ ਗਿਣਤੀ ਹੈ, ਆਪਣੀ ਪੜ੍ਹਾਈ ਲਿਖਾਈ ਦਾ ਦੁਰ ਉਪਯੋਗ ਕਰਦੀਆਂ ਹਨ। ਉਹ ਘਰ ਦੇ ਕੰਮਾਂ ਗ੍ਰਿਸਤ ਆਦਿ ਵਿਚ ਰੁਚੀ ਨਹੀਂ ਰਖਦੀਆਂ, ਬਾਹਰ ਹੋਟਲਾਂ ਸਿਨਮਿਆਂ ਦੀਆਂ ਸ਼ੋਕੀਨ, ਮਰਜ਼ੀ ਸੰਤਾਨ ਦੀ ਪੈਦਾਇਸ਼ ਵਲ ਧਿਆਨ ਦੇਣ ਯਾਂ ਨਾਂ। (ਪ੍ਰੰਤੂ ਸੰਤਾਨ ਘੱਟ ਪੈਦਾ ਕਰਨ ਦੇ ਸਾਧਨ ਸਰਕਾਰ ਵਲੋਂ ਵੀ ਨੀਯਤ ਕਰ ਰੱਖੇ ਹਨ) ਪ੍ਰੇਮ ਵਿਵਾਹਾਂ ਨੂੰ ਤ੍ਰਜੀਹ ਦੇਂਦੀਆਂ ਹਨ। ਕੁਝ ਇੱਕ ਲੜਕੀਆ ਦੇ ਭਾਸ਼ਣ ਵੀ ਸੁਣੇ ਹਨ ਜੋ ਦਾਜ ਵਗੈਰਾ ਤੋਂ ਨਫਰਤ ਵੀ ਕਰਦੀਆਂ ਹਨ, ਪ੍ਰੰਤੂ ਮਾਤਾ-ਪਿਤਾ ਦੀ ਸੰਪਤੀ ਤੇ ਆਪਣਾ ਅਧਿੱਕਾਰ ਜਮਾਉਂਦੀਆਂ ਹਨ ਭਰਾਵਾਂ ਦੇ ਬਰਾਬਰਿ ਹਿੱਸਾ।

### ਸਾਨੂੰ ਖੁਸ਼ੀ ਹੈ

ਅਸੀਂ ਖੁਸ਼ ਹਾਂ ਕਿ ਸਾਡੀਆਂ ਧੀਆਂ, ਸਾਸ਼ਤ੍ਰੀ ਸੰਗੀਤ ਭਜਨ ਲੋਕ ਗੀਤਾਂ ਆਦਿ ਵਿਚ ਰੁਚੀ ਰਖਦੀਆਂ ਹਨ, ਡਾ: ਵਕੀਲ, ਜੱਜ, ਆਦਿ ਬੜੇ ੨ ਅਹੁਦਿਆਂ ਤੇ ਕੰਮ ਕਰਦੀਆਂ ਹਨ ਤੇ ਕਰ ਰਹੀਆਂ ਹਨ। ਪਰ ਇਸ ਦਾ ਇਹ ਮਤਲੱਬ ਨਹੀਂ ਕਿ ਇਹ ਆਪਣੇ ਗ੍ਰਿਸਤ ਧਰਮ ਦੇ ਅਸੂਲ ਛੱਡ ਦੇਣ ਸੰਤਾਨ ਦਾ ਪਾਲਣ ਪੋਸ਼ਣ ਨਾ ਕਰਨਾ ਅਤੇ ਆਪਣੀ ਵਿਦਿਆ ਦੇ ਘੁਮੰਡ ਵਿਚ, ਸਸ, ਸਹੁਰਾ, ਪਤੀ, ਦੇਵਰ, ਜੇਠ, ਨਨੰਦ ਆਦਿ ਦਾ ਨਿਰਾਦਰ ਕਰਨ। ਐਸਾ ਕਰਨ ਨਾਲ ਇਨ੍ਹਾਂ ਦੇ ਸਾਰੇ ਸ੍ਰੇਸ਼ਟ ਗੁਣਾਂ ਤੇ ਕਲੰਕ ਦਾ ਟਿੱਕਾ ਲਗਦਾ ਹੈ। ਸੁਘੜ ਬੱਚੀਆਂ ਬੱਤੀ ਲੱਛਣਾਂ ਵਿਚ ਨਿਪੁੰਨ ਹੁੰਦੀਆਂ ਹੋਈਆਂ ਵੀ ਮਾਤਾ-ਪਿਤਾ ਕਟੁੰਬ ਵਿਚ ਨਨ੍ਹੀਆਂ ਬੱਚੀਆਂ ਕੋਮਲ ਕਲੀਆਂ ਹਨ। ਅਤੇ ਆਦਰ ਪਾਤ੍ਰ ਹਨ। ਇਸਤ੍ਰੀ ਕੋਮਲ ਫੁਲਾਂ ਵਾਂਗੂ ਹੈ। ਜਿਵੇਂ ਗੁਲਾਬ ਦੇ ਫੁੱਲ ਬਾਗਾਂ ਵਿਚ ਟਾਹਣੀ ਨਾਲ ਲਗੇ ਹੋਏ ਸੋਭਾ ਦੇਂਦੇ ਟਹਿਕਦੇ ਹਨ, ਤਿਵੇਂ ਇਸਤ੍ਰੀ ਆਪਣੇ ਗ੍ਰਿੱਸਤ ਬਾਗ਼ ਵਿਚ



Sri Satguru Jagjit Singh Ji Elibrary NamdhariElibrary@gmail.com

ਮਾਲੀ ਦੀ ਤਰ੍ਹਾਂ ਸੰਤਾਨ ਬੂਟਿਆਂ ਨੂੰ ਪਾਲਦੀ ਸੰਭਦੀ ਹੈ। ਗ੍ਰਿਸਤ ਬਾਗ ਵਿਚ ਧੀਆਂ ਦਾ ਵਸਣਾ ਸੁੰਦਰਤਾ ਦਾ ਪ੍ਰਤੀਕ ਹੈ।

ਦਿਨ-ਪ੍ਰਤਿ-ਦਿਨ ਜ਼ਮਾਨੇ ਦੀ ਚਾਲ ਬਦਲ ਰਹੀ ਹੈ, ਅਤੇ ਇਨਸਾਨ ਦੀ ਇਨਸਾਨੀਅਤ ਵੀ ਨਾਲ ਨਾਲ ਬਦਲੀ ਹੈ। ਪ੍ਰੇਮ ਪੰਖ ਲਾ ਉਡ ਗਿਆ ਹੈ ਨਫ਼ਰਤ ਦਾ ਬੀਜ ਚਾਰੋਂ ਤਰਫ ਫੈਲ ਰਿਹਾ ਹੈ। ਅਸਲ ਨੂੰ ਨਕਲ ਤੇ ਨਕਲ ਨੂੰ ਅਸਲ ਸਮਝ ਬੈਠੇ ਹਨ।

ਗੁਰੂ ਬਜ਼ੁਰਗਾਂ ਦਾ ਸਨਮਾਨ ਜਾਂਦਾ ਰਿਹਾ। ਲੜਕੇ ਲੜਕੀਆਂ ਪੱਛਮੀ ਸਭਿਅਤਾ ਹੇਠ ਲਿਤਾੜੇ ਜਾ ਰਹੇ ਹਨ। ਆਪਣੀ ਭਾਰਤੀ ਸੰਸਕ੍ਰਿਤੀ ਛੱਡ ਬਦੇਸਾਂ ਦੀ ਨਕਲ ਉਤਾਰਨ ਵਿਚ ਰੁਝ ਗਏ ਹਨ। ਬਦੇਸ਼ੀ ਭਾਸ਼ਾ ਸਾਡੀ ਉਗਦੀ ਪਨੀਰੀ ਤੇ ਆਪਣਾ ਰੋਭ ਪਾ ਸਾਨੂੰ ਬਦੇਸੀ ਬਣਾ ਰਹੀ ਹੈ। ਇਹ ਬਾਹਰਲੀ ਬੋਲੀ ਸਾਡੀ ਮਾਤ ਭਾਸ਼ਾ ਤੇ ਗਾਲਬ ਹੋ ਆਪ ਅਗੇ ਆ, ਸਾਡੀ ਬਦੇਸ਼ੀ ਭਾਸ਼ਾ ਨੂੰ ਖੂਹ ਖਾਤੇ ਪਾ ਰਹੀ ਹੈ। ਅਸੀਂ ਸਮਝਦੇ ਹੋਏ ਭੀ ਬੇ-ਸਮਝ ਬਣ ਚੁਕੇ ਹਾਂ। ਖੈਰ, ਇਹ ਮਜ਼ਮੂਨ ਅਸੀਂ ਭਾਸ਼ਾ ਤੇ ਨਹੀਂ ਲਿਖ ਰਹੇ। ਹੁਣ ਅਸੀਂ ਆਪਣੇ ਅਸਲ ਮਨੋਰਥ ਤੇ ਆਉਂਦੇ ਹਾਂ।

**ਪਰੰਪਰਾ ਰੀਤ—**

ਇਹ ਰੀਤ ਪਰੰਪਰਾ ਕਾਲ ਤੋਂ ਤੁਰੀ ਆ ਰਹੀ ਹੈ ਕਿ ਲੜਕੀਆਂ ਮਾਤਾ-ਪਿਤਾ ਘਰੋਂ ਸਹੁਰੇ ਘਰ ਨੂੰ ਤੋਰੀਆਂ ਜਾਂਦੀਆਂ ਹਨ। ਇਨ੍ਹਾਂ ਲਈ ਜਿਥੇ ਸਥਾਨ ਨੀਯਤ ਕੀਤਾ ਗਿਆ ਹੋਵੇ! ਚਾਹੇ ਬਣਾਂ ਵਿਚ ਰਹਿਣ ਵਾਲੇ ਰਿਸ਼ੀਆਂ ਦੀ ਗਲ ਹੋਵੇ ਤੇ ਭਾਵੇਂ ਵਸਦੇ ਘਰਾਂ, ਪਿੰਡਾਂ, ਸ਼ਹਿਰਾਂ, ਨਗਰਾਂ, ਗ੍ਰਿਹਸਥੀਆਂ ਦੀ, ਲੜਕੀਆਂ (ਬੇਟੀਆਂ) ਦੇ ਅਧਿਕਾਰ ਸਹੁਰੇ ਘਰ ਹੀ ਮੰਨੇ ਹਨ, ਅਤੇ ਦਾਜ ਵੀ ਯਥਾ ਸ਼ਕਤ ਦਿਤਾ ਜਾਂਦਾ ਸੀ। ਮਾਂ-ਬਾਪ ਵਲੋਂ ਆਪਣੀ ਬੇਟੀ ਲਈ ਯੋਗ ਵਰ (ਲੜਕਾ; ਲਭ ਕੇ ਵਿਵਾਹੁ ਕਰਨ ਨੂੰ ਪੁੰਨ ਕਰਮ ਆਖਿਆ ਜਾਂਦਾ ਹੈ। ਸ਼ਾਸਤ੍ਰਾਂ ਵਿਚ ਇਸ ਦਾ ਨਾਮ ਕੰਨਿਯਾ ਦਾਨ ਵੀ ਲਿਖਿਆ ਹੈ। ਦਾਜ ਇਸ ਲਈ ਦਿਤਾ ਜਾਂਦਾ ਸੀ ਕਿ ਬੇਟੀ ਮਾਤਾ-ਪਿਤਾ ਘਰੋਂ ਸੁੰਞੀ ਨਾ ਤੁਰੇ। ਲੋੜ ਅਨੁਸਾਰ ਕੁਝ ਯਥਾ-ਸ਼ਕਤ ਗਹਿਣੇ ਬਸਤ੍ਰ ਆਦਿ ਵੀ ਦਿਤੇ ਜਾਂਦੇ ਸਨ। ਵਰੁ ਪ੍ਰਾਪਤ ਹੋਈ ਲੜਕੀ ਦਾ ਵਿਵਾਹ ਕਰਨਾ ਪੁੰਨ ਕਰਮ ਇਸ ਲਈ ਮੰਨਿਆ ਸੀ ਕਿ ਇਸ ਤੋਂ ਸੰਤਾਨ ਦੀ ਉਤਪਤੀ ਅਤੇ ਵੰਸ ਵ੍ਰਿੱਧੀ ਹੁੰਦੀ ਹੈ।

**ਬੇਟੀਆਂ ਦਾ ਸਹੁਰਾ ਘਰ ਆਪਣਾ ਹੁੰਦਾ ਹੈ**

ਇਹਨਾਂ ਨੂੰ ਬਾਬਲ ਦਾ ਘਰ ਛਡ ਦੂਸਰੇ ਘਰ ਜਾਣਾ ਹੀ ਬਣਦਾ ਹੈ। ਇਸ ਲਈ ਬੇਟੀ ਦੇ ਅਧਿਕਾਰ ਵਿਆਹ ਹੋਣ ਤੋਂ ਬਾਅਦ ਸਹੁਰੇ ਘਰ ਹੀ ਹੁੰਦੇ ਹਨ, ਕਿਉਂਕਿ ਲੜਕੀ ਦੀ ਸਹੁਰੇ ਘਰ ਜਾ ਕੇ ਗੋਤਰ ਪ੍ਰਣਾਲੀ ਵੀ ਬਦਲ ਜਾਂਦੀ ਹੈ। ਜਿਸ ਗੋਤਰ



Sri Satguru Jagjit Singh Ji Elibrary NamdhariElibrary@gmail.com

ਨਾਲ ਬੇਟੀ ਮਾਤਾ-ਪਿਤਾ ਘਰ ਪੁਕਾਰੀ ਜਾਂਦੀ ਸੀ ਹੁਣ ਉਹ ਸਹੁਰਿਆਂ ਦੇ ਗੋਤਰ ਨਾਲ ਪੁਕਾਰੀ ਜਾਂਦੀ ਹੈ। ਬਾਬਲ ਘਰੋਂ ਸਹੁਰੇ ਘਰ ਨੂੰ ਤੁਰਦੀਆਂ ਕੁੜੀਆਂ ਧਾਹੀਂ ਮਾਰ ਰੋਂਦੀਆਂ ਹੋ ਇਸ ਮੌਕੇ ਤੇ ਕੱਠੀਆਂ ਹੋਈਆਂ ਮੇਲਣਾ ਦੇ ਗੀਤ ਸੁਣ ਕੇ ਪੱਥਰ ਦਿਲ ਵੀ ਉਠਦੇ ਹਨ।

ਧੀਆਂ ਦੀ ਡੋਲੀ ਤੋਰਨ ਵੇਲੇ ਜੋ ਮਾਂ-ਬਾਪ ਅਤੇ ਲੜਕੀ ਦੀ ਦਸ਼ਾ ਹੁੰਦੀ ਹੈ ਉਹ ਅਕੱਥਨੀਜ ਹੈ। ਇਸ ਸਮੇਂ ਪੱਥਰ ਦਿਲ ਵੀ ਆਸੂ ਬਹਾ ਦੇਂਦੇ ਹਨ। ਜਦ ਬੇਟੀ ਡੋਲੀ ਚੜ੍ਹਦੀ ਹੈ ਵਾਜੇ ਵਾਲੇ ਬਜੰਤਰੀ ਤਿਲੰਗ ਰਾਗ ਵਿਚ ਇਸ ਤਰ੍ਹਾਂ ਅਲਾਪਦੇ ਹਨ :—

ਯਥਾ—ਅਸਥਾਈ— ਰਖ ਅਜ ਡੋਲੀ ਮੇਰੀ ਨੀ ਮਾਏ,
ਅਜ ਦੀ ਦਿਹਾੜੀ ਰਖ ਮੇਰੀ ਨੀ ਮਾਏ।

ਜੈਸੇ ਵਾਰਸਸ਼ਾਹ— ਡੋਲੀ ਚੜ੍ਹਦੀਆਂ ਮਾਰੀਆਂ ਹੀਰ ਚੀਕਾਂ,
ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ। ਆਦਿ॥

ਧੀ ਮਾਂ-ਬਾਪ ਦਾ ਘਰ ਛੱਡਣ ਲਈ ਮਜਬੂਰ ਹੁੰਦੀ ਹੈ। ਧੀਆਂ ਤੋਰਨ ਵੇਲੇ ਵਣਾਂ 'ਚ ਵਸਣ ਵਾਲੇ ਗ੍ਰਿਹਸਤੀ ਰਿਸ਼ੀ ਭੀ ਜਿਨ੍ਹਾਂ ਨੂੰ ਕਹਿੰਦੇ ਹਨ ਕਿ ਉਹਨਾਂ ਮੋਹ-ਮਮਤਾ ਨੂੰ ਜਿਤਿਆ ਹੋਇਆ ਹੈ, ਇਹੋ ਭੀ ਰਿਸ਼ੀ ਆਪਣੀ ਬੇਟੀ ਸ਼ਕੁੰਤਲਾ ਨੂੰ ਰਾਜੇ ਦੁਸ਼ਿਅੰਤ ਨਾਲ ਤੋਰਨ ਵੇਲੇ ਧਾਹੀਂ ਮਾਰ ਰੋਇਆ ਸੀ। ਅਤੇ ਸ਼ਕੁੰਤਲਾ ਵੀ ਬਾਬਲ ਦਾ ਘਰ ਛਡਣ ਵੇਲੇ ਆਪਣੇ ਪਿਆਰੇ ਪਰਵਾਰ ਨੂੰ ਯਾਦ ਕਰਕੇ ਅੱਖੀਆਂ ਚੋਂ ਛ੍ਰਿੱਪ-ਛ੍ਰਿੱਪ ਜਲ ਵਹਾ ਰਹੀ ਸੀ ਅਤੇ ਜਿਨ੍ਹਾਂ ਪਸ਼ੂ ਪੰਛੀਆਂ, ਬੇਲ ਬੂਟਿਆਂ ਨੂੰ ਅੰਨ-ਦਾਣਾ, ਘਾਹ ਪਾਣੀ ਦੇਂਦੀ ਹੁੰਦੀ ਸੀ, ਉਹ ਸਭ ਸ਼ੰਕੁੰਤਲਾ ਦੇ ਘਰ ਛਡਣ ਤੇ ਨੇਤ੍ਰਾਂ ਚੋਂ ਨੀਰ ਸੁੱਟ ਰਹੇ ਸਨ। ਅਤੇ ਜਿਨ੍ਹਾਂ ਫੁੱਲਾਂ, ਬੇਲਾਂ ਆਦਿ ਨੂੰ ਰੋਜ਼ ਪਾਣੀ ਦੇਂਦੀ ਹੁੰਦੀ ਸੀ, ਇਹਨਾਂ ਸਭਨਾ ਵਿਚ ਖ਼ਾਮੋਸ਼ੀ ਛਾ ਗਈ ਸੀ ਅਤੇ ਆਪਣੀਆਂ ਮੁਰਝਾਈਆਂ ਕਰੂੰਬਲਾ ਪੱਤੀਆਂ ਨਾਲ ਸ਼ੰਕੁੰਤਲਾਂ ਨੂੰ ਆਪਣੇ ਵਿਛੋੜੇ ਦਾ ਅਹਿਸਾਸ ਦੱਸ ਰਹੀਆਂ ਸਨ।

ਭਾਵ ਕੀ, ਵਿਵਾਹ ਤੋਂ ਬਾਅਦ ਕੁੜੀ ਪਰਾਈ ਹੋ ਜਾਂਦੀ ਹੈ। ਇਸ ਲਈ ਲੜਕੀ ਮਾਤਾ-ਪਿਤਾ ਦੀ ਸੰਪਤੀ ਦੀ ਅਧਿਕਾਰਣ ਨਹੀਂ ਰਹਿੰਦੀ, ਕਿਉਂਕਿ ਸਹੁਰਾ ਘਰ ਇਸ ਦਾ ਆਪਣਾ ਹੁੰਦਾ ਹੈ। ਫਿਰ ਭੀ ਮਾਤਾ-ਪਿਤਾ ਜਿੰਨਾ ਬਣ-ਸਰ ਆਵੇ ਆਪਣੀ ਬੇਟੀ ਦੇ ਦੁਖ-ਸੁਖ ਵਿਚ ਹਰ ਵੇਲੇ ਤਤਪਰ ਰਹਿੰਦੇ ਹਨ। ਏਥੋਂ ਹੀ ਬਸ ਨਹੀਂ। ਮਾਂ-ਬਾਪ, ਭਰਾ, ਬੇਟੀ ਦੇ ਪੁਤਾਂ, ਪੋਤਰਿਆਂ ਦੇ ਕਾਰਜਾਂ ਤਾਈਂ ਵੀ ਅਪੜਦੇ ਹਨ। ਕੇਵਲ ਇਸ ਲਈ ਕਿ ਪੁਤ੍ਰੀ ਕਾਰਣ ਰਿਸ਼ਤਾ ਬਣਿਆ ਹੋਇਆ ਹੁੰਦਾ ਹੈ, ਧੀਆਂ ਕਾਰਣ ਹੀ ਕੌਮਾਂ ਦੀ ਹੋਂਦ ਵਿਚ ਵਾਧਾ ਹੁੰਦਾ ਹੈ। ਜੁੜਵੇਂ ਪ੍ਰਵਾਰ ਬਣਦੇ ਹਨ। ਇਸ ਲਈ ਕਿਸੇ ਰਾਜੇ ਮਹਾਰਾਜੇ ਨੇ ਵੀ ਆਪਣੀ ਲਾਡਾਂ ਨਾਲ ਪਾਲੀ-ਪੋਸੀ ਪੁੱਤ੍ਰੀ ਨੂੰ ਸਦਾ ਘਰ ਨਹੀਂ ਰਖਿਆ।



Sri Satguru Jagjit Singh Ji Elibrary NamdhariElibrary@gmail.com

## ਬੇਟੀਆਂ ਦੁਆਰਾ ਪਰਿਵਾਰਾਂ ਦੇ ਗੱਠ-ਜੋੜ

(੧) ਮਹਾਰਾਜਾ ਰੰਜੀਤ ਸਿੰਘ ਦੇ ਪੋਤ੍ਰੇ ਕੰਵਰ ਨੌਨਿਹਾਲ ਸਿੰਘ ਦਾ ਵਿਵਾਹ ਸ੍ਰ: ਸ਼ਾਮ ਸਿੰਘ ਅਟਾਰੀ ਦੀ ਧੀ ਨਾਲ ਬੜੀ ਧੂੰਮ-ਧਾਮ ਨਾਲ ਹੋਇਆ, ਧੀ ਵਾਲਿਆਂ ਰੱਜਵਾਂ ਦਾਜ ਦਿਤਾ ਲਿਖਆ ਹੈ। ਇਸ ਰਿਸ਼ਤੇ ਨਾਲ ਦੋਨਾਂ ਪ੍ਰੀਵਾਰਾਂ ਦਾ ਗੱਠ-ਜੋੜ ਹੋਰ ਵਧੇਰੇ ਪੱਕਾ ਹੋ ਗਿਆ। ਏਸੇ ਕਾਰਣ ਹੀ ਬੇਟੀ ਨੂੰ ਗੱਠ-ਜੋੜ ਦੀ ਸਾਂਝ ਦਾ ਅੰਗ ਮੰਨਿਆਂ ਹੈ, ਅਤੇ ਇਸੀ ਕਾਰਣ ਹੀ ਰਾਜ-ਭਾਗ ਬਣਦੇ ਕਹੇ ਹਨ।

(੨) ਸ੍ਰੀ ਰਾਮਚੰਦ੍ਰ ਦੀ ਸੰਤਾਨ ਲਵ ਅਤੇ ਕਸ਼ੂ ਦੀ ਲੜਾਈ ਹੋਈ ਲਵ ਦੀ ਸੰਤਾਨ ਹਾਰ ਖਾਕੇ (ਭੱਜਕੇ) ਅਮਰਕੋਟ (ਜਿਸਨੂੰ ਸਨੌਢ ਦੇਸ਼ ਕਿਹਾ ਹੈ) ਓਥੇ ਜਾ ਵੜੇ ਓਥੋਂ ਦੇ ਰਾਜੇ ਨੇ ਲੜਨਾ ਮੁਨਾਸਬ ਨਾ ਸਮਝ ਆਪਣੀ ਧੀ (ਬੇਟੀ) ਉਸਨੂੰ ਵਿਆਹ ਦਿਤੀ। ਦੋਹਾਂ ਧਿਰਾਂ ਦੀ ਸੰਧੀ ਹੋਣ ਕਰਕੇ ਦੁੱਗੁਣੀ ਤਾਕਤ ਬਣ ਗਈ।

(੩) ਪਾਂਡਵਾਂ ਦੇ ਪ੍ਰੀਖਸਤ ਦੇ ਪੁੱਤ੍ਰ ਜਨਮੇਜਾ ਨੇ ਕਾਸ਼ੀ (ਬਨਾਰਸ) ਜਿਤੱਣ ਨੂੰ ਚੜ੍ਹਾਈ ਕਰ ਦਿਤੀ ਓਥੋਂ ਦੇ ਰਾਜੇ ਨੇ ਆਪਣੇ-ਆਪ ਨੂੰ ਸ਼ਕਤੀ ਹੀਨ ਸਮਝ, ਆਪਣੀ ਪਿਆਰੀ ਪੁਤ੍ਰੀ ਜਨਮੇਜੇ ਨੂੰ ਵਿਆਹ ਦਿਤੀ ਜਿਸ ਵਿਚ ਆਪਣੀ ਬੇਟੀ ਦੀ ਸੇਵਾ ਲਈ ਦਾਜ ਵਿਚ ਨਾਲ ਗੋਲੀ (ਦਾਸੀ) ਵੀ ਦਿਤੀ ਇਸ ਤੋਂ ਉਸਦਾ ਰਾਜ-ਭਾਗ ਬੱਚ ਗਿਆ ਔਰ ਦੋਹਾਂ ਦੀ ਸਾਂਝ ਹੋਰ ਵੀ ਪੱਕੀ ਹੋ ਗਈ।

(੪) ਇਕ ਕਹਾਣੀ ਮੁੰਹੰਮਦ ਸ਼ਾਹ "ਰੰਗੀਲੇ" ਦੀ ਵੀ ਹੈ ਕਿ ਇਸ ਨੇ ਵੀ ਆਪਣੀ ਪਿਆਰੀ ਬੇਟੀ ਨੂੰ ਦੁਸ਼ਮਣ ਦੇ ਹੱਥ ਦੇ ਕੇ ਆਪਣਾ ਰਾਜ-ਭਾਗ ਜਿਉਂ ਕਾ ਤਿਉਂ ਬਚਾ ਲਿਆ ਸੀ ਕਿਉਂਕਿ ਏਹ ਰਾਜਾ ਅਚਰਨਹੀਨ ਐਸ਼ਪ੍ਰਸੱਤ ਵਿਭਚਾਰੀ ਸ਼ਰਾਬੀ ਹੋਣ ਕਰਕੇ ਬਲਹੀਨ ਹੋ ਗਿਆ ਸੀ ਅਤੇ ਦੁਸ਼ਮਣ ਦਾ ਮੁਕਾਬਲਾ ਕਰਨੋ ਅਸਮਰਥ ਸੀ। ਇਸ ਦੇ ਵਕਤ ਹੀ ਨਾਦਰ ਨੇ ਦਿੱਲੀ ਲੁੱਟੀ ਸੀ।

## ਸੁੰਬਰ—ਭਾਵ ਸਵੈਯੰਵਰਦੀ ਪ੍ਰਾਪਤੀ

ਇਹੋ ਰੀਤ ਵੀ ਪਰੰਪਰਾ ਦੀ ਹੈ। ਰਾਜ ਘਰਾਣਿਆਂ ਵਿਚ ਲੜਕੀ ਦੇ ਮਨ-ਪਸੰਦਗੀ ਦੀ ਸ਼ਾਦੀ ਇਸ ਨੂੰ "ਸ੍ਵੈਯੰਬਰ" ਆਖਿਆ ਹੈ।

ਇਥੇ ਮੰਡਪ ਤਿਆਰ ਕਰਕੇ ਇਲਾਕੇ ਦੇ ਰਾਜਕੁਮਾਰਾਂ ਨੂੰ ਸਦਾ ਦਿਤਾ ਜਾਂਦਾ ਸੀ। ਕੰਨਿਆਂ ਜਿਸ ਨੂੰ ਜੀ ਚਾਹੇ ਉਸ ਦੇ ਗਲ ਵਰੁ ਮਾਲਾ ਪਹਿਨਾ ਸਕਦੀ ਸੀ। ਫਿਰ ਵੀ ਜੇ ਮਾਤਾ-ਪਿਤਾ ਅਯੋਗ ਸਮਝਣ ਤਾਂ ਮਾਨਤਾ ਨਹੀਂ ਦੇਂਦੇ ਸਨ; ਇਨਕਾਰ ਕਰ ਦੇਂਦੇ ਸਨ। ਜੈਸੇ ਪ੍ਰਿਥਵੀ ਰਾਜ ਚੌਹਾਣ ਦਾ ਬੁਤ ਬਣਾ ਕੇ ਸੰਯੁਕਤਾ ਦੇ ਸੁਅੰਬਰ ਵਿਚ ਰਖਿਆ



Sri Satguru Jagjit Singh Ji Elibrary NamdhariElibrary@gmail.com

ਗਿਆ ਸੀ ਤਾਂ ਸੰਯੁਕਤ ਨੇ ਆਪਣੇ ਪਿਤਾ ਦੇ ਵਿਰੁੱਧ ਉਸ ਬੁੱਤ ਨੂੰ ਵਰ ਮਾਲਾ ਪਹਿਨਾਈ ਸੀ। ਇਸ ਤੋਂ ਭਾਰੀ ਵਿਖਾਧ ਉਤਪਨ ਹੋ ਗਿਆ ਸੀ।

(੨) ਕੁਝ ਐਸੇ ਸੁਵੰਬ੍ਰ ਹੁੰਦੇ ਹਨ ਜਿਨ੍ਹਾਂ ਵਿਚ ਸ਼ਰਤ ਰਖੀ ਜਾਂਦੀ ਹੈ। ਜੋ ਰਾਜ-ਕੁਮਾਰ ਉਹ ਸ਼ਰਤ ਪੂਰੀ ਕਰੇ ਕੰਨਿਆਂ ਉਸ ਨੂੰ ਆਪਣਾ ਪਤੀ ਮੰਨ ਵਰ ਮਾਲਾ ਪਾ ਦੇਂਦੀ ਸੀ। ਜੈਸੇ ਸ਼ੀਤਾ ਸੁਵੰਬ੍ਰ ਵਿਖੇ ਜਨਕ ਰਾਜੇ ਨੇ ਇਕ ਧਨੁਖ ਦਾ ਚਿੱਲਾ ਚੜ੍ਹਾਉਣ ਦੀ ਸ਼ਰਤ ਰਖੀ ਸੀ, ਉਸ ਨੂੰ ਸ੍ਰੀ ਰਾਮਚੰਦ੍ਰ ਜੀ ਨੇ ਇਹ ਸ਼ਰਤ ਜਿੱਤ ਕੇ ਸੀਤਾ ਵਰ ਲਈ ਸੀ।

(੩) ਦਰੁਪਦ ਰਾਜੇ ਵਲੋਂ ਦਰੋਪਦੀ ਸੁਵੰਬ੍ਰ ਵਿਖੇ ਇਕ ਐਸੀ ਸ਼ਰਤ ਰਖੀ ਸੀ ਜੋ ਇਕ ਉੱਚੇ ਥਾਂਗੇ ਨਾਲ ਉਪਰ ਮੱਛੀ ਦੀ ਪ੍ਰਿਤਮਾਂ ਘੁੰਮ ਰਹੀ ਸੀ ਤੇ ਹੇਠਾਂ ਤੇਲ ਵਿਚ ਦੇਖ ਕੇ ਉਪਰ ਮੱਛੀ ਦੀ ਅੱਖ ਵਿਚ ਤੀਰ ਦਾ ਨਿਸ਼ਾਨਾ ਮਾਰਨਾ ਸੀ ਤੇ ਇਸ ਨੂੰ ਪੰਜਾਂ ਪਾਂਡਵਾਂ ਦੇ ਭਾਈ ਅਰਜਣ ਨੇ ਨਿਸ਼ਾਨੈ ਤੀਰ ਮਾਰ ਕੇ ਸ਼ਰਤ ਜਿੱਤ ਦ੍ਰੋਪਦੀ ਵਿਆਹ ਲਈ ਸੀ।

ਸ਼ਕੁੰਤਲਾਂ ਨੇ ਵੀ ਰਾਜੇ ਦੁਸ਼ਅੰਤ ਨੂੰ ਪਤੀ ਮੰਨਿਆ ਸੀ ਤੇ ਇਸ ਦੇ ਪਿਤਾ ਨੇ ਪ੍ਰਵਾਨਗੀ ਦੇ ਦਿਤੀ ਸੀ। ਇਤਿ ਆਦਿ।

ਜਿਹੜੀਆਂ ਲੜਕੀਆਂ ਮਾਤਾ-ਪਿਤਾ ਤੋਂ ਚੋਰੀ ਛਿੱਪੀ ਬਾਹਰੋਂ ਵਰ ਪ੍ਰਾਪਤ ਕਰ ਲੈਂਦੀਆਂ ਹਨ, ਉਹ ਨਾ ਦਾਜ ਤੇ ਨਾ ਹੀ ਮਾਤਾ-ਪਿਤਾ ਦੀ ਸੰਪਤੀ ਦੀਆਂ ਅਧਿਕਾਰਣਾਂ ਬਣ ਸਕਦੀਆਂ ਹਨ। ਕਿਉਂ ਐਸੀਆਂ ਬੇਟੀਆਂ ਮਾਂ-ਬਾਪ, ਭੈਣਾਂ, ਭਰਾਵਾਂ ਦੀਆਂ ਅਤੇ ਸਮਾਜ ਦੀਆਂ ਦੁਸ਼ਮਣ ਹੁੰਦੀਆਂ ਹਨ ਉਨ੍ਹਾਂ ਨੂੰ ਸਮਾਜ ਵਿਚ ਥਾਂ ਨਹੀਂ ਰਹਿੰਦੀ।

ਬੇਟੀ ਦਾ ਵਿਵਾਹ ਕਰਕੇ ਮਾਤਾ-ਪਿਤਾ ਆਪਣਾ ਫਰਜ਼ ਅਦਾ ਕੀਤਾ ਸਮਝਦੇ ਹਨ ਭਾਰਤੀ ਸਭਿਅਤਾਨੁਸਾਰ ਬੇਟੀ ਪਰਾਇਆ ਧਨ ਮੰਨਿਆ ਹੈ। ਇਸ ਲਈ ਮਾਂ-ਬਾਪ ਆਪਣਾ ਫਰਜ਼ ਸਮਝ ਅਤੇ ਲਾਡਾਂ ਪਿਆਰਾਂ ਨਾਲ ਪੁਤਰਾਂ ਵਾਂਗ ਹੀ ਪਾਲਣਾ ਕਰਕੇ, ਇਸ ਨੂੰ ਅੱਛਾ ਘਰ ਤੇ ਅੱਛਾ ਵਰ ਢੂੰਡ ਦੇਂਦੇ ਹੈਨ ਜਿਥੇ ਉਮਰ ਭਰ ਬੇਟੀ ਸੁਖ ਨਾਲ ਸਮਾਂ ਬਤੀਤ ਕਰ। ਏਹ ਮਨੋਰਥ ਰਖ ਮਾਤਾ-ਪਿਤਾ ਸਕੇ ਸਬੰਧੀ ਵੀ ਯਥਾ ਯੋਗ ਦਾਨ ਵਜੋਂ ਦਾਜ ਦੇਂਦੇ ਹਨ। ਤਾਕਿ ਸਾਡੀ ਬੱਚੀ ਨੂੰ ਸਭੇ ਸੁਖ ਪ੍ਰਾਪਤ ਹੋਣ।

ਦਾਜ ਲਾਹਨਤ ਇਸ ਕਰਕੇ ਮੰਨਿਆ ਹੈ, ਕਿ ਵਡੇ ਘਰਾਣਿਆਂ ਨੂੰ ਵੇਖ ਧਨੀ-ਹੀਣ ਲੋਕਾਂ ਨੇ ਇਨ੍ਹਾਂ ਦੀ ਰੀਸੋਂ ਕਿ ਮੈਂ ਕਿਸੇ ਤੋਂ ਘਟ ਨਹੀਂ ਅਤੇ ਜੇ ਮੈਂ ਇਉਂ ਨਾ ਕਰਾਂਗਾ ਤਾਂ (ਮੇਰਾ ਨੱਕ ਨਹੀਂ ਰਹਿੰਦਾ) ਜ਼ਿਦੋ-ਜ਼ਿੱਦੀ ਕਰਜ਼ਾ ਚੁਕ ਕੇ ਵੀ ਬੇ-ਸਮਝ ਲੋਕ ਹਦੋਂ ਬਾਹਰ ਹੋ ਜਾਇਦਾਦਾਂ ਵੇਚ ਨੱਕ ਰਖਣ ਲਈ ਮਜਬੂਰ ਹੁੰਦੇ ਗਏ। ਇਸ ਪਰ ਕਈ ਵਿਹਾਰ-ਸੁਧਾਰ ਕਮੇਟੀਆਂ ਵੀ ਬਣੀਆਂ। ਇਨ੍ਹਾਂ ਦਾ ਕੋਈ ਫਾਇਦਾ ਨਹੀਂ



Sri Satguru Jagjit Singh Ji Elibrary NamdhariElibrary@gmail.com

ਹੋਇਆ । ਇਸ ਲਈ ਕਿ ਸਮਾਜ ਸੁਧਾਰ ਕਮੇਟੀਆਂ ਦੇ ਆਗੂ ਹੀ, ਆਪਣੇ ਮਿਥੇ ਸਿਧਾਂਤਾਂ ਤੇ ਕਾਇਮ ਨਹੀਂ ਪਾਏ ਗਏ । ਇਹ ਵੀ ਦੇਖਿਆ ਗਿਆ ਹੈ ਕਿ ਅਜ ਕਲ ਵੀ ਜਿਤਨੇ ਵਿਵਾਹ ਮਨ ਪਸੰਦਗੀ ਦੇ ਹੁੰਦੇ ਹਨ । ਉਹ ਬਹੁਤਾ ਚਿਰ ਨਹੀਂ ਟਿਕਦੇ । ਯੂਰਪੀ ਦੇਸਾਂ ਵਿਚ ਇਨ੍ਹਾਂ ਪ੍ਰੇਮ ਵਿਵਾਹਾਂ (ਲਵ ਮੈਰਿਜ) ਦਾ ਬਹੁਤ ਰਿਵਾਜ ਹੈ ਪਰ ਅਣ-ਬਣ ਵੀ ਬੜੀ ਛੇਤੀ ਹੋ ਜਾਂਦੀ ਹੈ । ਕਈ ਤਾਂ ਘੰਟੇ ਦੋ ਘੰਟੇ ਹੀ ਮਸੀਂ ਕਢਦੇ ਹਨ ਤੇ ਕਈ ਕੁਛ ਦਿਨ ਮਹੀਨੇ । ਕਿਉਂਕਿ ਇਹ ਸੰਮਤੀ ਅਨਜਾਣ ਬੁਧ ਨਾਲ ਕੀਤੀ ਗਈ ਹੁੰਦੀ ਹੈ ।

ਭਾਰਤੀ ਸਭਿਅਤਾ ਵਿਚ ਬੇਟੀ ਪ੍ਰਨੈਣੀ ਪੁੰਨ ਕਰਮ ਮੰਨਿਆ ਹੈ । ਇਸ ਲਈ ਬੇਟੀ ਦੀ ਸ਼ਾਦੀ ਵੇਦਕਰੀਤ ਅਨੁਸਾਰ, ਅਗਨੀ ਪ੍ਰਚੰਡ ਕਰ ਘਿਓ ਮੇਵਾ ਅਤੇ ਹੋਰ ਸਮਗਰੀ ਰਲਾ ਮਿਲਾ ਕੇ ਵਿਧੀ ਵਤ ਹੋਮ ਕਰਕੇ ਵੇਦ ਮੰਤ੍ਰਾਂ ਦੁਆਰਾ ਲੜਕੇ-ਲੜਕੀ ਨੂੰ ਪ੍ਰਾਣਾਂ ਦੀ ਸੁਗੰਧ ਦੇਣ ਅਤੇ ਪ੍ਰਾਣ ਅਗਨੀ ਹਨ । ਇਸ ਨੂੰ ਇਸਟ ਮੰਨ ਫੇਰੇ ਦੇਂਦੇ ਸਨ । ਉਪਰੰਤ ਕੁੜੀ ਆਪਣੇ ਪਤੀ ਨੂੰ ਸ੍ਰੇਸ਼ਟ ਸਮਝ ਇਸ ਦੀ ਆਗਿਆ ਦਾ ਪਾਲਣ ਅੰਤ ਮਰਨ ਪ੍ਰਯੰਤ ਕਰਦੀ ਰਹਿੰਦੀ ਸੀ, ਅਤੇ ਪਤੀ ਵੀ ਆਪਣੀ ਅਰਧੰਗਣੀ ਸਮਝ, ਅੱਛੇ ਗੁਣਾਂ ਵਾਲੀ ਲੱਛਮੀ ਜਾਣ ਕੇ ਆਪਣੀ ਸਾਰੀ ਕਮਾਈ ਇਸਦੇ ਪੱਲੇ ਪਾਉਂਦਾ ਸੀ— ਤੇ ਇਸਤ੍ਰੀ ਭਲੀ ਪ੍ਰਕਾਰ ਸੰਤਾਨ ਦਾ ਪਾਲਣ ਪੋਸਣ ਕਰਦੀ ਰਹਿੰਦੀ ਸੀ ।

ਇਹੋ ਰੌਸ਼ਨ ਮਿਸਾਲ ਹੈ ਕਿ ਭਾਰਤੀ ਦੇਵੀਆਂ ਜਿਸ ਨੂੰ ਇਕ ਦਫਾ ਆਪਣਾ ਪਤੀ ਮੰਨ ਲੈਂਦੀਆਂ ਸਨ, ਉਸ ਤੋਂ ਉਮਰ ਭਰ ਮੂੰਹ ਨਹੀਂ ਸਨ ਮੋੜਦੀਆਂ । ਭਾਵੇਂ ਉਹਨਾਂ ਨੂੰ ਆਪਣੀ ਜਿੰਦਗੀ ਵਿਚ ਕਿੰਨਾ ਵੀ ਦੁਖ ਕਿਉਂ ਨਾ ਭੋਗਣਾ ਪਵੇ । ਇਹੋ ਆਪਣੇ ਪਤੀ ਦੀ ਅਮੀਰੀ ਗਰੀਬੀ ਵਿਚ ਪੂਰਾ ਸਾਥ ਦੇਂਦੀਆਂ ਸਨ; ਅਤੇ ਸੰਤਾਨ ਦਾ ਪਾਲਣ ਪੋਖਣ ਹਿੱਤ ਨਾਲ ਨਿਭਾਉਂਦੀਆਂ ਸਨ । ਇਸ ਕਰਕੇ ਹੀ ਭਾਰਤੀ ਇਸਤ੍ਰੀਆਂ ਨੂੰ ਆਦਰਸ਼ ਦੇਵੀਆਂ ਕਹਿ ਕੇ ਸਨਮਾਨਿਆ ਹੈ । ਸੰਸਾਰ ਭਰ ਵਿਚ ਇਸਤ੍ਰੀ ਪੁਰਖ ਦਾ ਜੋੜਾ ਆਦਿ ਕਾਲ ਤੋਂ ਹੀ ਬਣਿਆ ਆ ਰਿਹਾ ਹੈ । ਕੀ; ਪਸ਼ੂ ਕੀ, ਪੰਛੀ ਛੋਟੇ ਤੋਂ ਛੋਟੇ ਜ਼ਾਨਵਰ ਤੋਂ ਲੈ ਕੇ ਬੜੇ ਤੋਂ ਬੜੇ ਤੀਕ ਸਾਰੀਆਂ ਚੌਰਾਸੀ ਲਖ ਜੂਨਾਂ ਜਿੰਨੀਆਂ ਭੀ ਹਨ, ਸਭ ਨਰ-ਮਾਦਾ ਦੀ ਸੰਖਿਆ ਰਖਦੀਆਂ ਹਨ । ਦੁਨੀਆਂ ਵਿਚ ਨਾ ਕੱਲਾ ਆਦਮੀ ਤੇ ਨਾ ਕੱਲੀ ਤੀਵੀਂ ਸੰਤਾਨ ਪੈਦਾ ਨਹੀਂ ਕਰ ਸਕਦੇ । ਕਿਉਂ ਸੰਤਾਨ ਪੈਦਾ ਕਰਨ ਲਈ ਪੁਰਖ ਨੂੰ ਤੀਵੀਂ ਦੀ ਤੇ ਤੀਵੀਂ ਨੂੰ ਪੁਰਖ ਦੀ ਲੋੜ ਹੈ, ਅਤੇ ਇਹੋ ਹੀ ਮਰਯਾਦਾ ਸਾਰੇ ਪਸ਼ੂ ਪੰਛੀਆਂ ਜਾਨਵਰਾਂ ਦੀ ਹੈ ।

ਅਜ ਕਲ ਦੇ ਜ਼ਮਾਨੇ ਨੂੰ ਲੋਕ ਪੜ੍ਹਿਆਂ ਲਿਖਿਆਂ ਜ਼ਮਾਨਾ ਆਖਦੇ ਹਨ । ਅੰਗ੍ਰੇਜ਼ੀ ਪੜ੍ਹੇ ਲਿਖੇ ਲੋਕ (ਭਾਵੇਂ ਕੋਈ ਭਾਰਤੀ ਸੰਸਕ੍ਰਿਤੀ ਦਾ ਕਿੰਨਾ ਵੀ ਅਨੁਭਵ ਰਖਦਾ ਹੋਵੇ) ਉਸਨੂੰ ਅਨਪੜ੍ਹਿਆਂ ਹੀ ਸਮਝਦੇ ਹਨ ।

ਵਿਦਯਾ ਜਿੰਨੀਆਂ ਵੀ ਸਿੱਖੀਆਂ ਜਾਣ ਚੰਗੀਆਂ ਹਨ, ਮਾੜੀਆਂ ਨਹੀਂ । ਪਰੰਤੂ



Sri Satguru Jagjit Singh Ji Elibrary NamdhariElibrary@gmail.com

ਮਾਤ ਭਾਸ਼ਾ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ । ਜੇਹੜਾ ਇਨਸਾਨ ਆਪਣੀ ਮਾਤ ਬੋਲੀ ਛੱਡ ਦੂਜੀ ਭਾਸ਼ਾ ਨੂੰ ਤਰਜੀਹ ਦੇਂਦਾ ਹੈ, (ਅਪਨਾਉਂਦਾ ਹੈ) । ਉਹ ਆਦਮੀ ਆਪਣੇ ਦੇਸ਼ ਕੌਮ ਦਾ ਪਿਆਰ ਗੁਆ ਬੈਠਦਾ ਹੈ । ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦਾ ਵਿਸਤਾਰ ਤੇ ਵਿਕਾਸ ਆਪਣੀ ਮਾਤ ਬੋਲੀ ਵਿਚ ਕੀਤਾ । ਅਤੇ ਅੱਖਰ ਵੀ ਆਪ ਤਿਆਰ ਕਰਕੇ ਬਾਣੀ ਲਿਖੀ; ਇਸ ਲਈ ਕਿ ਮਨੁਖ ਦੇ ਸਾਰੇ ਕੰਮ ਆਪਣੀ ਮਾਤ ਭਾਸ਼ਾ ਅਤੇ ਸਭਿਅਤਾ ਵਿਚ ਹੀ ਕੀਤੇ ਜਾਣ; ਨਾਲੇ ਦੂਜੀ ਬਾਹਰੋਂ ਆਈ ਗੈਰ ਭਾਸ਼ਾ ਦਾ ਸਾਡੀ ਮਾਤ ਭਾਸ਼ਾ ਤੇ ਅਸਰ ਨਾ ਹੋਵੇ ।

ਭਾਰਤੀ ਮੁੰਡੇ ਕੁੜੀਆਂ ਦੇ ਵਿਚਾਰ ਬਦਲਣ ਦਾ ਕਾਰਣ ਹੀ ਪੱਛਮੀ ਸਭਿਅਤਾ ਹੈ ਕਿਉਂਕਿ ਅੰਗਰੇਜ਼ ਸ਼ਾਸਨ ਕਾਲ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਵਿਖੇ ਅੰਗਰੇਜ਼ੀ ਦੀ ਭਰਮਾਰ ਰਹੀ ਹੈ । ਇਸ ਦਾ ਇਨ੍ਹਾਂ ਪ੍ਰਭਾਉ ਪੈ ਚੁੱਕਾ ਹੈ ਕਿ ਸਾਨੂੰ ਹੁਣ ਏਹ ਬੋਝ ਸਿਰੋਂ ਉਤਾਰਨਾ ਕੱਠਨ ਹੀ ਨਹੀਂ ਅਸੰਭਵ ਹੋ ਗਿਆ ਹੈ । ਜਿਵੇਂ ਅਫੀਮ, ਭੰਗ, ਸ਼ਰਾਬ ਆਦਿ ਨਸ਼ੇ ਜਦ ਇਨਸਾਨ ਦੇ ਅੰਦਰ ਘਰ ਕਰ ਲੈਂਦੇ ਹਨ, ਤਾਂ ਇਨ੍ਹਾਂ ਤੋਂ ਮੁਕਤ ਹੋਣ ਲਈ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ । ਇਹੀ ਹਾਲ ਭਾਰਤ ਵਿਚ ਅੰਗਰੇਜ਼ੀ ਦਾ ਹੈ । ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਦੇਸ਼ੀ ਭਾਸ਼ਾ ਨੂੰ ਅਪਨਾਉਣਾ ਮਾਨੋ ਬਦੇਸ਼ੀਆਂ ਨੂੰ ਮੁੜ ਸੱਦਾ ਦੇਣਾ ਹੈ ।

ਇਕ ਸੂਝਵਾਨ ਸਿਆਣੇ ਬਜ਼ੁਰਗ ਨੂੰ ਅਸੀਂ ਪੁਛਿਆ ਕਿ ਬਾਬਾ ਜੀ ! ਅੰਗਰੇਜ਼ ਤਾਂ ਹੁਣ ਹਿੰਦੁਸਤਾਨ ਕਾਫੀ ਦੇਰ ਹੋਈ ਛੱਡ ਗਏ ਹਨ । ਪਰ ਲੋਕ ਜੋ ਈਸਾ ਦੀ ਫਾਂਸੀ ਦਾ ਚਿੰਨ੍ਹ (ਟਾਈ) ਅਜੇ ਵੀ ਗਲ੍ਹਾਂ ਵਿਚ ਲਟਕਾਈ ਫਿਰਦੇ ਹਨ । ਬਾਬਾ ਜੀ ਦਾ ਉਤਰ ਸੀ ਕਾਕਾ ! ਜਦ ਗਰਮੀਆਂ ਵਿਚ ਸਲ੍ਹੇ (ਟਿਡੀ ਦਲ) ਆਉਂਦੀ ਹੈ ਤਾਂ ਉਹ ਥੋੜ੍ਹੇ ਸਮੇਂ ਵਿਚ ਫਸਲਾਂ ਤਬਾਹ ਕਰਕੇ ਚਲੀ ਜਾਂਦੀ ਹੈ । ਪਰ, ਆਪਣਾ ਬੱਚ (ਬੱਚੇ) ਪਿਛੇ ਛਡ ਜਾਂਦੀ ਹੈ ਸੋ ਇਹ ਅੰਗਰੇਜ਼ਾਂ ਦਾ ਬੱਚ ਦਿਤਾ ਹੋਇਆ ਹੈ ।

ਜਿਵੇਂ ਇਨ੍ਹਾਂ ਕੋਹੜ ਨਸ਼ਿਆਂ ਨੂੰ ਦਾਇਲ ਕਰਨ ਲਈ ਸਾਨੂੰ ਕਿਸੇ ਸੁਘੜ ਵੈਦ (ਹਕੀਮ) ਡਾਕਟਰ ਦੀ ਲੋੜ ਪੈਂਦੀ ਹੈ, ਤੇ ਇਨ੍ਹਾਂ ਦੇ ਉਪਦੇਸ਼ (ਬਾਣੀ) ਨਾਲ ਇਹਨਾਂ ਕੋੜ੍ਹ ਨਸ਼ਿਆਂ ਨੂੰ ਦੂਰ ਕਰਨ ਵਿਚ ਸਹਾਇਤਾ ਮਿਲ ਜਾਂਦੀ ਹੈ । ਤਿਵੇਂ ਸਾਡੇ ਪਾਸ ਗੁਰੂ ਨਾਨਕ ਦੀ ਬਾਣੀ ਹੈ । ਇਸ ਵਿਚ ਰੱਰੂ-ਸਾਰ ਹੈ:—

"ਸਰਬ ਰੋਗ ਕੌ ਅਉਖਧੁ ਨਾਮ ।"

ਅਤੇ "ਗੁਰਬਾਣੀ ਇਸ ਜਗਮਹਿ ਚਾਨਣ ॥"

ਜੇ ਅਸੀਂ ਇਨ੍ਹਾਂ ਮਹਾਂ ਪੁਰਖਾਂ ਦੀ ਬਾਣੀ ਬਚਨਾਂ ਤੇ ਅਮਲ ਕਰੀਏ ਤਾਂ ਛੇਤੀ ਹੀ ਸਾਡੇ ਉਤੇ ਗਾਲਬ ਹੋ ਚੁਕੇ ਬਦੇਸੀ ਕੁਕਰਮ ਨਸ਼ੇ ਦੂਰ ਹੋ ਸਕਦੇ ਹਨ ।



Sri Satguru Jagjit Singh Ji Elibrary NamdhariElibrary@gmail.com

# ਦਾਜ-ਦਹੇਜ

ਦਾਜ ਸਿੰਧੀ-ਪੰਜਾਬੀ ਦਾ ਸੁਮੇਲ ਹੈ, ਉਰਦੂ ਵਿਚ "ਜਹੇਜ਼" ਸੰਸਕ੍ਰਿਤ "ਦਾਯ" ਅੰਗਰੇਜ਼ੀ ਡਓਰੀ (Dowry) ਪਰ ਏਹ ਉਹ ਪਦਾਰਥ ਹੈ ਜੋ ਵਿਵਾਹ ਕਾਲ, ਮਾਤਾ-ਪਿਤਾ, ਸਕੇ ਸੰਬੰਧੀਆਂ, ਭਾਈਆਂ ਵਲੋਂ ਕੰਨਿਆਂ ਦੀ ਸ਼ਾਦੀ ਵੇਲੇ ਦਿਤਾ ਜਾਂਦਾ ਹੈ। ਕੰਨਿਜਾ ਦਾਨ-ਪਰ ਗੁਰਬਾਣੀ ਵਿਚ ਇਸ ਦਾ ਨਿਖੇਧ ਕੀਤਾ ਗਿਆ ਹੈ, ਜੈਸੇ

ਮਨਮੁਖ ਦਾਜ ਜਿ ਰਖ ਦਿਖਾਲਹਿ ਸੁ ਕੂੜ ਅਹੰਕਾਰ ਕਚ ਪਾਜੋ ॥

(ਸ੍ਰੀ: ਛੰ: ਮ: ੫)

**ਭਾਵ**—ਜੇਹੜੇ ਲੋਕ ਪ੍ਰਗਟ ਰੂਪ ਦਾਜ ਨੂੰ ਲੋਕਾਂ ਵਿਚ ਦਿਖਾਵੇ ਲਈ ਕਰਦੇ ਹਨ ਕਿ ਅਸੀਂ ਲੜਕੀ ਨੂੰ ਇਤਨਾ ਕੁਛ ਦੇ ਰਹੇ ਹਾਂ। ਗੁਰੂ ਜੀ ਨੇ ਇਸ ਨੂੰ ਝੂਠਾ ਅਭਿਮਾਨ ਮੰਨਿਆ ਹੈ ਕਿਉਂ ਇਹੁ ਪੁੰਨ ਕੀਤਾ ਹੋਇਆ ਹੈ। ਇਸ ਲਈ ਇਸ ਨੂੰ ਵਡਿਆਈ ਲਈ ਪੁਕਾਰਿਆ ਜਾਵੇ ਤਾਂ ਏਹੁ ਹਾਥੀ ਦੇ ਇਸਨਾਨ ਵਤ ਹੈ। ਜੈਸੇ ਭਾ: ਗੁ: ਜੀ ਨੇ ਲਿਖਿਆ ਹੈ—

"ਹਾਥੀ ਨੀਰ ਨਵਾਈਏ ਸਿਰ ਛਾਰ ਉਡਾਵੈ ॥" ਨਿਸਫਲ ਹੈ

ਗੁਰਵਾਕ ਹੈ— ਤੀਰਥ, ਬ੍ਰਤ, ਅਰ ਦਾਨ ਕਰ ਮਨ ਮੈ ਧਰੈ ਗੁਮਾਨ ॥
ਨਾਨਕ ਨਿਹਫਲ ਜਾਤ ਤਿਹ, ਜਿਉਂ ਕੁੰਚਰ ਇਸਨਾਨ ॥

ਅਜ ਕਲ ਪੈਸੇ ਦਾ ਜ਼ਮਾਨਾ ਹੈ—

"ਕਵਣ ਵਡਾ ਮਾਇਆ ਵਡਿਆਈ ॥"

ਅਗਿਆਨੀ ਲੋਕ ਇਸ ਪਿਛੇ ਭਟਕ ਰਹੇ ਹਨ। ਇਨਸਾਨ ਆਪਣੀ ਇਨਸਾਨੀਯਤ ਗੁਆ ਬੈਠਾ ਹੈ: ਗੁਰੂ ਗੋਬਿੰਦ ਸਿੰਘ ਜੀ ਨੇ ਲਿਖਾ ਹੈ :—

ਧਨਿ ਧਨਿ ਧਨਿ ਕੋ ਭਾਖੀਐ ਜਾਕਾ ਜਗਤ ਗੁਲਾਮ ॥
ਸਭ ਨਿਰਖਤ ਯਾਕੋ ਫਿਰੈ ਸਭ ਚਲ ਕਰਤ ਸਲਾਮ ॥੩੫੫ ॥

ਮਾਇਆ ਬੇ-ਸਮਝ ਮੂਰਖਾਂ ਨੂੰ ਨਚਾ ਰਹੀ ਹੈ। ਏਹ ਮਾਇਆ ਆਪਣੇ ਦੋ ਦਾਵਾਂ ਹੇਠ ਪੁਰਖ ਨੂੰ ਲਿਤਾੜਦੀ ਹੈ ਅਤੇ ਆਪਣੇ ਜ਼ਹਿਰੀਲੇ ਡੰਗ ਨਾਲ ਪੁਰਖਦੀ ਮਤ ਮਾਰ ਦੇਂਦੀ ਹੈ :—

ਕੁੰਡਲੀ—ਜੈਸੇ—ਮਾਇਆ ਕੇ ਦੋ ਦਾਉਂ ਹੈ ਕਰੇ ਦੋਏ ਜੁਤਿ ਮਾਰ ॥
ਆਵੇ ਤੇ ਬੌਰਾਏ ਨਰ ਜਾਵੇਂ ਕਰੇਂ ਖੁਆਰ ॥



Sri Satguru Jagjit Singh Ji Elibrary NamdhariElibrary@gmail.com

ਜਾਵੇ ਕਰੇ ਖੁਆਰ ਮਰੇ ਨਰ ਝੂਰ ਝੂਰ ਕੇ ॥
ਆਵੇ ਤੇ ਬੌਰਾਏ ਕੂਰੇ ਨਰ ਘੂਰ ਘੂਰ ਕੇ ॥
ਬਿਨ ਵਿਚਾਰ ਦੁਖ ਕਾਰ ਸਾਰ ਸੰਤਨ ਫਰਮਾਇਆ ॥
ਮੂਰਖ ਕੋ ਦੁੱਖ ਦੇਤ ਆਵਤੀ ਜਾਤੀ ਮਾਇਆ ॥

ਵਰੁ ਪ੍ਰਾਪਤ ਭਾਰਤੀ ਬੇਟੀ ਨੂੰ ਵਿਵਾਹ ਹੋਣ ਤੋਂ ਬਾਅਦ ਸਹੁਰੇ ਘਰ ਜਾਣ ਕਾਲ, ਮਾਤ-ਪਿਤਾ ਸਕੇ ਸਬੰਧੀਆਂ ਵਲੋਂ ਜੋ ਦਾਨ ਦਿਤਾ ਜਾਂਦਾ ਸੀ ਉਸ ਨੂੰ "ਦਾਜ" ਆਖਿਆ ਜਾਂਦਾ ਹੈ। ਏਹੁ ਰੀਤ ਪਰੰਪਰਾ ਦੀ ਹੈ ਨਵੀਂ ਨਹੀਂ। ਏਹ ਰੀਤ ਰਿਵਾਜ, ਰਾਜੇ ਮਹਾਂ-ਰਾਜਿਆਂ ਅਤੇ ਧਨਾਢ ਲੋਕਾਂ ਦੇ ਘਰਾਂ ਤੋਂ ਤੁਰੀ ਹੈ, ਜੋ ਆਪਣੀ ਪੁਤ੍ਰੀ ਨੂੰ ਵੀ ਪੁਤ੍ਰਾਂ ਵਾਂਗ ਲਾਡਾਂ ਪਿਆਰਾਂ ਨਾਲ ਪਾਲਦੇ ਪੋਸਦੇ ਸਨ। ਅਤੇ ਜਦੋਂ ਬੇਟੀ ਵਰੁ ਪ੍ਰਾਪਤ ਹੋ ਜਾਂਦੀ ਸੀ ਤਦ ਮਾਤਾ-ਪਿਤਾ ਪੁਤ੍ਰੀ ਲਈ ਯੋਗ ਵਰ ਦੀ ਭਾਲ ਆਪਣੇ ਸਮਾਨ ਚੰਗੇ ਘਰਾਣੇ ਨੂੰ ਲਭ ਕੇ, ਅਤੇ ਲੜਕਾ ਵੀ ਲੜਕੀ ਜੇਹਾ ਪੜ੍ਹਿਆ ਲਿਖਿਆ, ਸੁਘੜ ਸਿਆਣਾ, ਅੱਛੇ ਖਿਆਲਾਂ ਦਾ ਧਾਰਨੀ, ਆਪਣਾ ਨਿਜੀ ਕਾਰੋਬਾਰ ਕਰਨ ਲਈ ਵੀ ਯੋਗ ਸਥਾਨ ਰਖਦਾ ਹੋਵੇ ਤਾਂ ਮਾਤਾ-ਪਿਤਾ ਉਸ ਨੂੰ ਆਪਣੀ ਬੇਟੀ ਲਈ ਚੁਣ ਲੈਂਦੇ ਸਨ, ਗੱਠ ਬੰਧਨ ਹੋ ਜਾਂਦਾ ਸੀ।

ਕੁਛ ਐਸੇ ਲੋਕ ਲਾਲਚੀ ਬਿਵਾਹਾਂ ਸਾਦੀਆਂ ਤੇ ਮੂੰਹ ਖੋਲ੍ਹ ਕੇ ਦਾਜ ਦੀ ਮੰਗ ਕਰਦੇ ਹਨ। ਭਾਵੇਂ, ਏਹ "ਦਾਜ" ਦਾ ਸਾਰਾ ਅਧਿਕਾਰ ਲੜਕੀ ਦੀ ਸੰਪਤੀ ਹੈ ਜੋ ਸਕੇ ਸਬੰਧੀਆਂ ਵਲੋਂ ਦਾਨ ਦਿਤਾ ਹੋਇਆ ਹੁੰਦਾ ਹੈ। ਇਸ ਲਈ ਏਹ ਅਧਿਕਾਰ ਕੇਵਲ ਲੜਕੀ ਲਈ ਹੀ ਨੀਯਤ ਹੈ ਪਰ ਲਾਲਚੀ ਸਸ-ਸਹੁਰੇ ਨਿਜੀ ਸਮਝ ਆਪ ਕਬਜਾ ਕਰਨ ਦੇ ਆਹਰ ਲਗੇ ਰਹਿੰਦੇ ਹਨ। ਏਹੋ ਕਾਰਣ ਹੈ ਕਿ ਬੇਚਾਰੀਆਂ ਬੇਟੀਆਂ ਸਤਾਈਆਂ ਜਾਂਦੀਆਂ ਹਨ।

ਮਾਤਾ-ਪਿਤਾ ਆਪਣੀ ਬੇਟੀ ਲਈ ਸਭ ਕੁਛ ਕਰਨ ਨੂੰ ਤਿਆਰ ਹੁੰਦੇ ਹਨ ਅਤੇ ਆਪ ਕਰਜਾਈ ਹੋ ਕੇ ਵੀ ਬੇਟੀ ਲਈ ਸੁਖ ਦਾ ਸਾਧਨ ਢੂੰਡਦੇ ਹਨ। ਪਰ ਲਾਲਚੀ ਬਿਸਟਾ ਦੇ ਕੀੜੇ ਫਿਰ ਵੀ ਪਿੱਛਾ ਨਹੀਂ ਛਡਦੇ। ਇਨ੍ਹਾਂ ਜਮ-ਕੰਙਿਆਂ ਤੋਂ ਛੁਟਕਾਰਾ ਪੌਣ-ਹਿਤ ਹੀ ਸਰਕਾਰ ਕਾਨੂੰਨ ਤਿਆਰ ਕਰਦੀ ਹੈ। ਪਰ ਲਾਗੂ ਕਰਨਾ ਇਸ ਦੇ ਬਸ ਦੀ ਬਾਤ ਨਹੀਂ। ਭਾਵੇਂ ਗਵਰਨਮਿੰਟ ਨੇ ਇਸਤ੍ਰੀਆਂ ਲਈ ਬਰਾਬਰੀ ਦਾ ਕਾਨੂੰਨ ਬਣਾ ਦਿਤਾ ਹੋਇਆ ਹੈ ਪਰ ਇਸਤ੍ਰੀ ਨੂੰ ਬਰਾਬਰੀ ਦਾ ਦਰਜਾ ਕੇਵਲ ਗੁਰੂ ਨਾਨਕ ਅਤੇ ਇਸ ਦੇ ਜਾਂ ਨਸ਼ੀਨਾਂ (ਗਦੀ ਵਾਰਸਾਂ) ਨੇ ਸਹੀ ਰੂਪ ਵਿਚ ਵਰਤਿਆ ਹੈ। ਇਸ ਤੋਂ ਪਹਿਲਾਂ ਦੇ ਇਤਿਹਾਸ ਪੜ੍ਹ ਕੇ ਦੇਖੋ ਤਾਂ ਪਤਾ ਚਲਦਾ ਹੈ ਕਿ ਇਸਤ੍ਰੀ ਨੂੰ ਬਹੁਤ ਘਟੀਆ ਦਰਜਾ ਪ੍ਰਾਪਤ ਸੀ। ਭਾਰਤੀ ਸਭਤਾ ਕਹਿਣ ਮਾਤ੍ਰ ਹੀ ਸੀ। ਸਹੀ ਰੂਪ 'ਚ ਕੁਚੀਲ ਸੱਭਤਾ ਕਹੀ ਜਾ ਸਕਦੀ ਹੈ। ਏਹੁ ਯਾਦ ਰਹੇ ਕਿ ਜਿਸ ਦੇਸ਼-ਘਰਿ ਇਸਤ੍ਰੀ ਦਾ ਨਿਰਾਦਰ ਹੁੰਦਾ ਹੈ ਓਥੇ ਅਸੱਭਤਾ ਹੁੰਦੀ ਹੈ ਅਤੇ ਉਹ ਘਰੁ ਦੇਸ਼ ਬਰਬਾਦ ਹੋਇਆ ਸਮਝੋ।



Sri Satguru Jagjit Singh Ji Elibrary NamdhariElibrary@gmail.com

ਜੋਹੜਾ ਵਿਹਾਰ ਸੁਧਾਰ ਦਾ ਕਾਨੂੰਨ ਸਰਕਾਰ ਲਾਗੂ ਨਹੀਂ ਕਰ ਸਕਦੀ ਉਹ ਦੇਹਧਾਰੀ ਗੁਰੂ (ਜਿਸ ਨੂੰ ਕੁਝ ਬੇ-ਮੁਹਾਰੇ ਲੋਕ-ਸਜਣ ਗੁਰੂ ਡੰਮ੍ਹਦਾ ਦਰਜਾ ਦੇ ਬਦਨਾਮ ਕਰਦੇ ਹਨ) ਹੀ ਕਰ ਸਕਦੇ ਹਨ। ਕਿਉਂਕਿ ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਸਿੱਖ-ਸੇਵਕ ਆਪਣੇ ਰਹਿਬਰ ਦੇ ਹੁਕਮ 'ਚ ਚਲਦੇ ਹਨ, ਇਸ ਤੇ ਇਕ ਠੋਸ ਉਦਾਹਰਣ ਮੇਰੇ ਧਿਆਨ ਵਿਚ ਹੈ ਕਿ ਨਾਮਧਾਰੀ ਸੰਪ੍ਰਦਾ ਦੇ ਰੁਕਨ ਗੁਰੂ ਪ੍ਰਤਾਪ ਸਿੰਘ ਜੀ ਨੇ ਜਦ ਆਪਣੇ ਨਾਮਧਾਰੀ ਸਿੰਘਾਂ ਦੀ ਵਿਵਾਹਾਂ ਸ਼ਾਦੀਆਂ ਉਤੇ ਹੋਏ ਖਰਚਿਆਂ ਤੇ ਕਰਜ਼ਿਆਂ ਦੇ ਭਾਰ ਹੇਠ ਦੱਬੇ ਸਿੰਘਾਂ ਦੀਆਂ ਪੁਕਾਰਾਂ ਸੁਣੀਆਂ ਤਾਂ ਇਸ ਜਨ ਸੁਧਾਰਕ ਗੁਰੂ ਨੇ ਆਪਣੇ ਬਾਈ ਸੂਬਿਆਂ ਦੇ ਮੁਖੀ ਸੂਬਿਆਂ ਨੂੰ ਬੁਲਾ ਕੇ ਸਿੱਖਾਂ ਬਾਬਤ ਪੁਛਿਆ ਤਾਂ ਗਰੀਬ ਨਿਵਾਜ ਦਾ ਦਿੱਲ ਉੱਦਗਿਆਂ ਤਾਂ ਉਸੀ ਸਮੇਂ ਸੰ: ਬਿ: ੧੯੯੭ ਦੇ ਹੋਲੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਵਿਖੇ ਸਿੱਖਾਂ ਨੂੰ ਗੁਰੂ ਸੰਗਤ ਦੇ ਖਜ਼ਾਨਿਓਂ ਧਨ ਦੇ ਕਰਚਿਆਂ ਤੋਂ ਮੁਕਤਿ ਕਰ ਹੁਕਮ ਸਾਦਰ ਕਰ ਦਿਤਾ ਕਿ ਕੋਈ ਵੀ ਮੇਰਾ ਸਿੱਖ ਵਧ ਤੋਂ ਵਧ 13 ਰੁਪਏ, ਤੇ ਘਟ ਤੋਂ ਘਟ ਸਵਾ ਰੁਪਿਆ (ਵਿਆਹ ਚਾਹੇ ਕੁੜੀ ਦਾ ਹੋਵੇ ਚਾਹੇ ਮੁੰਡੇ ਦਾ) ਖਰਚਾ ਨਾ ਕਰੇ, ਅਤੇ ਜਿਸ ਕੋਲ ਇਤਨਾ ਵੀ ਨਾ ਹੋਵੇ ਉਸ ਨੂੰ ਗੁਰੂ ਕੇ ਖਜ਼ਾਨਿਓਂ, ਦਿਤਾ ਜਾਵੇਗਾ। ਅਤੇ ਵਿਵਾਹ ਮੇਲਿਆਂ ਵਿਚ ਮੇਰੇ ਸਾਹਮਣੇ (ਸਨਮੁਖ) ਹੋਣਗੇ। ਇਹੁ ਰੀਤ ਅਜ ਤਕ ਚਲੀ ਆ ਰਹੀ ਹੈ। ਭਾਵੇਂ ਸਮੇਂ ਅਨੁਸਾਰ ਇਸ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ—ਅਤੇ ੨੫-੩੦, ੨ ੫੦ ੨ ਜੋੜਿਆਂ ਦੇ ਕੱਠੇ ਫੇਰੇ ਹੁੰਦੇ ਹੈਨ। ਵੈਦਕੱਕ ਰੀਤ ਵਰਤੀ ਜਾਂਦੀ ਹੈ। ਗੁਰਬਾਣੀ ਪੜ੍ਹ ਕੇ ਹੋਮ ਕੀਤਾ ਜਾਂਦਾ ਹੈ, ਲਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੜ੍ਹੀਆਂ ਜਾਂਦੀਆਂ ਹਨ, ਵੇਦ ਮੰਤ੍ਰਾਦੀ ਬਜਾਏ। ਅਤੇ ਲੜਕੇ ਲੜਕੀ ਨੂੰ ਫੇਰੇ ਦੇਣ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਜਾਂਦਾ ਹੈ। ਜਿਸ਼ ਨੂੰ ਪੰਜਾਂ ਪਿਆਰਿਆਂ ਦੁਆਰਾ ਤਿਆਰ ਕੀਤਾ ਜਾਂਦਾ ਹੈ। ਪੰਜ ਬਾਣੀਆਂ ਪੜ੍ਹਕੇ ਜੈਸੇ—ਜਪੁਜੀ, ਜਾਪੁ, ਅਨੰਦ, ਸਵਈਏ, ਚੌਪਈ, ਪਾ: ੧੦ ਵੇ ਆਦਿ।*

---

1, ਮੈਂ ਓਨਾਹ ਸਾਧਾਂ-ਪਖੰਡੀ ਦੇਹ ਧਾਰੀ ਗੁਰੂਆਂ ਦੀ ਗਲ ਨਹੀਂ ਕਰਦਾ ਕਿ ਜਿਨਾਹ ਗੁਰਬਾਣੀ ਦਾ ਸਹਾਰਾ ਰੱਖ ਭੋਲੇ-ਭਾਲੇ ਲੋਕਾਂ ਨੂੰ ਠੱਗਣ ਲਈ ਦੁਕਾਨਾਂ ਖੋਹਲ ਛਡੀਆਂ ਹੰਨ, ਮੈਂ ਉਸ ਸੁਮਾਜ ਸੁਧਾਰਕ ਗੁਰੂ ਦੀ ਗੱਲ ਕਰਨ ਲੱਗਾ ਹਾਂ ਕਿ ਜਿਸਨੇ (ਗੁਰੂ ਨਾਨਕ ਨਾਮ ਲੇਵਾਂ) ਸਿੱਖ ਪੰਥ ਵਿਚ ਪਈ ਪਾਟੋ-ਧਾੜ ਨੂੰ ਮੁੜਿ ਇਕੱਠੀ ਕਰਨ ਹਿੱਤ, ਗੁਰੂ ਨਾਨਕ ਸਰਬ-ਸੰਪਰਦਾ ਕਾਂਨਫਰੰਸ ਕਰਕੇ ਸਭਨੂੰ ਇੱਕ ਸਟੇਜ ਤੇ ਜੁੜਿਨ ਦੇ ਜਤਨ ਕੀਤੇ॥

*ਇਸਤ੍ਰੀ ਇਕ ਗ੍ਰਿਹਸਤ ਬਾਗ ਦੀ ਟਹਿਣੀ ਨਾਲ ਲਗਾ ਹੋਇਆ ਗੁਲਾਬ ਦਾ ਸੁਗੰਧੀਦਾਰ ਖਿੜਿਆ ਫੁੱਲ ਹੈ, ਪੁਰਖ ਨੂੰ ਚਾਹੀਦਾ ਹੈ ਕਿ ਇਸ ਦੀ ਸੁਗੰਧੀ ਦਾ ਅਨੰਦ ਮਾਣੇ ਨਾ ਕਿ ਇਸ ਦੀਆਂ ਪੱਖੜੀਆਂ ਤੋੜ ਇਸ ਨੂੰ ਮਿੱਟੀ ਵਿਚ ਰੋਲੇ।



Sri Satguru Jagjit Singh Ji Elibrary NamdhariElibrary@gmail.com

## ਧੀਆਂ ਨਾਲ ਪਿਆਰ

ਮੈਂ ਇਕ ਡਰਾਮਾ T.V. ਤੇ ਦੇਖਿਆ ਹੈ, ਅਲੀ ਨਾਮ ਦੇ ਇਕ ਬੰਦੇ ਮੁਸਲਮਾਨ ਨੇ ਆਪਣੀ ਇਕਲੌਤੀ ਬੇਟੀ ਦਾ ਨਕਾਹ ਕਰਕੇ ਬੇਟੀ ਨੂੰ ਦਾਮਾਦ ਨਾਲ ਤੋਰਨ ਕਾਲ ਤਗੀਦ ਕੀਤੀ ਸੀ ਕਿ ਸਹੁਰੇ ਘਰ ਪਹੁੰਚ ਕੇ ਚਿੱਠੀ ਜ਼ਰੂਰ ਪਾਵੀਂ, ਪਰ ਲੜਕੀ ਪੜ੍ਹੀ ਲਿਖੀ ਨਹੀਂ ਸੀ ਜਾ ਕਿਸੇ ਵਜ੍ਹਾ ਕਾਰਣ ਉਹ ਆਪਣੇ ਅੱਬੇ ਨੂੰ ਚਿੱਠੀ ਨਾ ਲਿਖ ਸਕੀ। ਅੱਬਾ ਰੋਜ਼ ਖੱਤ ਦੀ ਉਡੀਕ ਕਰਦਾ ਰਿਹਾ ਸਾਲੋਂ ਬੀਤ ਗਏ। ਦਾਮਾਦ ਲੜਕੀ ਦੇਸ਼ ਤੋਂ ਕਹੀਂ ਬਾਹਰ ਲੈ ਗਿਆ ਸੀ। ਪਿਤਾ (ਅਲੀ) ਖਤ ਉਡੀਕਦਾ ਇੰਤਜ਼ਾਰ ਵਿਚ ਹੀ ਪ੍ਰਾਣ ਤਿਆਗ ਗਿਆ। ਅਲੀ ਆਪਣੇ ਇਕ ਮਿੱਤ੍ਰ ਡਾਕੀਏ ਨੂੰ ਆਖ ਗਿਆ ਕਿ ਮੈਂ ਤਾਂ ਹੁਣ ਜ਼ਿੰਦਾ ਨਹੀਂ ਰਹਿਣਾ ਪਰ ਜਦ ਕਦੇ ਮੇਰੀ ਬੇਟੀ ਦੀ ਚਿੱਠੀ ਆਵੇ ਤਾਂ ਤੂੰ ਉਸ ਚਿੱਠੀ ਨੂੰ ਮੇਰੀ ਕਬਰ ਪਰ ਰਖ ਦੇਵੀਂ ਅਤੇ ਬੇਟੀ ਨੂੰ ਦੇਹ ਨਹੀਂ ਦਸਣਾ ਕਿ ਤੇਰਾ ਅੱਬਾ ਮਰ ਗਿਆ ਹੈ। ਕਿੰਨਾ ਦਰਦਨਾਕ ਸੀਨ ਹੈ ਐਸੇ ਧੀਆਂ ਨਾਲ ਮਾਂ-ਬਾਪ ਦੇ ਪਿਆਰ-ਭਰੇ ਅਨੇਕ ਉਦਾਹਰਣ ਲਿਖੇ ਪਏ ਹਨ।

ਉਹ ਗ੍ਰਿਹਸਤੀ ਘਰ ਕਿੰਨਾ ਭਾਗਸ਼ਾਲੀ ਹੁੰਦਾ ਹੈ, ਜਿਸ ਘਰ ਚੋਂ ਬੇਟੀਆਂ ਮਾਤਾ-ਪਿਤਾ ਦੀ ਆਗਿਆ ਨਾਲ ਸਹੁਰੇ ਘਰ ਜਾਂਦੀਆਂ ਹਨ। ਅਤੇ ਉਹ ਮਾਤਾ-ਪਿਤਾ ਵੀ ਕਿੰਨੇ ਭਾਗਸ਼ਾਲੀ ਹੁੰਦੇ ਹਨ ਜੋ ਆਪਣੀ ਲਾਡਾਂ ਨਾਲ ਪਾਲੀ ਪੋਸੀ ਪੁਤ੍ਰੀ ਦਾ ਯੋਗ ਪਤੀ ਲਭ ਕੇ ਆਪਣੇ ਸਕੇ ਸਬੰਧੀਆਂ ਦੀ ਮੌਜੂਦਗੀ ਵਿਚ ਸਮਾਜ ਦੇ ਵਿਧਾਨ ਅਨੁਸਾਰ ਵਿਆਹ ਕਰਦੇ ਹਨ। ਫਿਰ ਭੀ ਜੇ ਧੀਆਂ ਇਤਨਾ ਭੀ ਨਾ ਸਮਝਣ। ਅਪਣੀ ਮਨ ਮਰਜ਼ੀ ਕਰਦਿਆਂ ਫਿਰਨ ਤਾਂ ਕੀ ਮਾਤਾ-ਪਿਤਾ ਉਸ ਨੂੰ ਆਪਣੀ ਸੰਪਤੀ ਦਾ ਭਾਗ ਦੇਣਾ ਸਵੀਕਾਰ ਕਰ ਸਕਦੇ ਹਨ ? ਕਦਾ-ਚਿੱਤ ਨਹੀਂ। ਧੀ ਮਾਂ-ਬਾਪ ਨਾਲ ਸ਼ਰੀਕੀ ਦਾਵਾ ਨਹੀਂ ਕਰ ਸਕਦੀ। ਜੇਹੜੀਆਂ ਧੀਆਂ ਸ਼ਰੀਕ ਬਣਨਾ ਪਸੰਦ ਕਰਦੀਆਂ ਹਨ, ਉਹ ਸਦਾ ਲਈ ਮਾਂ-ਬਾਪ, ਭਰਾਵਾਂ ਆਦਿ ਦਾ ਪਿਆਰ ਗੁਆ ਬਹਿੰਦੀਆਂ ਹਨ।

ਸੋ ਸੁਚੱਜੀਆਂ ਬੇਟੀਆਂ ਨੂੰ ਐਸਾ ਨਹੀਂ ਕਰਨਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਸੁਚੱਜੀਆਂ ਬੇਟੀਆਂ ਲਈ ਇਸ ਤਰ੍ਹਾਂ ਲਿਖਿਆ ਹੈ :—

> ਬਤੀ ਸੁਲਖਣੀ ਸਚ ਸੰਤਤ ਪੂਤ ॥ ਆਗਿਆਕਾਰੀ ਸੁਘੜ ਸਰੂਪ ॥
> ਇਛ ਪੂਰੇ ਮਨ ਕੰਤ ਸੁਆਮੀ ॥ ਸਗਲ ਸੰਤੋਖੀ ਦੇਉਰ ਜਿਠਾਨੀ ॥
> ਸਭ ਪ੍ਰਵਾਰੈ ਮਾਹਿ ਸ੍ਰੇਸਟ ॥ ਮਤੀ ਦੇਵੀ ਦੇਵਰ ਜੇਸਠ ॥
> ਧੰਨ ਸੁ ਗ੍ਰਿਹ ਜਿਤੁ ਪ੍ਰਗਟੀ ਆਇ ॥ ਨਾਨਕ ਸੁਖੇ ਸੁਖ ਵਿਹਾਇ ॥
>
> (ਆਸਾ ਮਃ ੫)

ਸਾਡੇ ਮੁੰਡੇ ਕੁੜੀਆਂ ਨੂੰ ਕਦਾ-ਚਿਤ ਵੀ ਮਾਤਾ-ਪਿਤਾ ਦਾ ਸਾਥ ਅਤੇ ਆਗਿਆ ਦਾ ਉਲੰਘਣ ਨਹੀਂ ਕਰਨਾ ਚਾਹੀਦਾ।

ਕੁਝ ਇਕ ਸੂਝਵਾਨ ਲੜਕੀਆਂ ਦੀ ਰਾਇ ਜੋ ਅਖਬਾਰਾਂ ਵਾਲਿਆਂ ਇਕੱਤ੍ਰ ਕੀਤੀ



Sri Satguru Jagjit Singh Ji Elibrary NamdhariElibrary@gmail.com

ਹੈ। ਉਹ ਕਹਿੰਦੀਆਂ ਹਨ ਕਿ ਜੋ ਮਾਤਾ-ਪਿਤਾ ਆਪਣੀ ਸੁਪੁਤ੍ਰੀ ਲਈ ਯੋਗ ਵਰ ਪ੍ਰਾਪਤ ਕਰ ਸਕਦੇ ਹਨ, ਉਹ ਅੱਲ੍ਹੜ ਅਤੇ ਅੰਞਾਣ ਬੁਧਿ ਵਾਲੀਆਂ ਕੁੜੀਆਂ ਨਹੀਂ ਕਰ ਸਕਦੀਆਂ। ਇਸ ਕਰਕੇ ਬਹੁਤੇ ਪ੍ਰੇਮ ਵਿਵਾਹ ਫੇਲ੍ਹ ਹੋ ਜਾਂਦੇ ਹਨ।

## ਲਿਬਨੇਨੀ ਕੁੜੀਆ ਦੇ ਖਿਆਲ

ਸਾਡੇ ਦੇਖਣ ਵਿਚ ਕੁਝ ਪੁਰਾਣੇ ਅਖਬਾਰਾਂ ਦੇ ਕਾਲਮਾਂ ਤੇ ਲਿਬਨੇਨੀ ਕੁੜੀਆਂ ਬਾਰੇ ਲਿਖਿਆ ਮਿਲਿਆ ਹੈ। ਜਿਸ ਵਿਚ ਉਨੀ ਮੰਗ ਕੀਤੀ ਹੋਈ ਸੀ ਕਿ। ਲੜਕੀ ਨੂੰ ਆਪ ਆਪਣੇ ਲਈ ਪਤੀ ਢੂੰਡਣ ਦਾ ਹੱਕ ਮਿਲਣਾ ਚਾਹੀਦਾ ਹੈ। ਅਤੇ ਜੋ ਮੁਸਲਮਾਨਾਂ ਵਿਚ ਲੜਕੀ ਦੀ ਸ਼ਾਦੀ ਸਮੇਂ "ਮਹਰ" ਦੀ ਪ੍ਰਥਾ ਚਲੀ ਆਈ ਹੈ, (ਜੋ ਮੁੰਡੇ ਵਲੋਂ ਲੜਕੀ ਦੇ ਨਾਮ ਤੇ ਕੁਝ ਰਕਮ ਜਮ੍ਹਾਂ ਕਰਾਈ ਜਾਂਦੀ ਹੈ) ਖਤਮ ਹੋਣੀ ਚਾਹੀਦੀ ਹੈ। ਇਸ ਦੀ ਵੀ ਸਿਫਾਰਸ਼ ਕੀਤੀ ਹੈ।

ਜਿਨ੍ਹਾਂ ਕੁੜੀਆਂ ਤੇ ਪੱਛਮੀ ਸਭਤਾ ਦਾ ਪ੍ਰਭਾਵ ਪਿਆ ਹੋਇਆ ਹੈ। ਉਹ ਕਹਿੰਦੀਆਂ ਹਨ, ਪਹਿਲਾਂ ਸਾਡੀ ਮਰਜੀ ਨਾਲ ਮਨ-ਪਸੰਦ ਪਤੀ ਮਿਲੇ ਤੇ ਦੂਜੇ ਦਰਜੇ ਤੇ ਮਾਤਾ-ਪਿਤਾ ਦੀ ਸਲਾਹ ਹੈ ਏਹਨਾ ਵੀ "ਮਹਰ" ਦੀ ਰਸਮ ਤੋੜਨ ਦੀ ਸਲਾਹ ਦਿਤੀ ਹੈ। ਏਹ ਇਸ ਵਿਚਾਰ ਤੇ ਹੈ ਕਿ (ਭਾਵੇਂ "ਮਹਰ" ਦੀ ਰਕਮ ਕੁੜੀਆਂ ਦੇ ਹਿੱਤ ਵਿਚ ਹੈ) ਕੁੜੀ ਮੁੰਡੇ ਦੀ ਅਣ-ਬਣ ਵਿਚ ਛੱਡ-ਛਡਾਈ ਤੋਂ ਬਾਅਦ ਏਹੁ "ਮਹਰ" ਦੀ ਜਮ੍ਹਾਂ ਕੀਤੀ ਰਕਮ ਅਸੂਲਨ ਕੁੜੀ ਨੂੰ ਦੇਣੀ ਪੈਂਦੀ ਹੈ, ਤਾਂ ਵੀ ਏਹੁ ਰਸਮ ਪੁਰਾਣੀ ਸਮਝ, ਤੋੜਨ ਦੀ ਸਿਫਾਰਸ਼ ਕੀਤੀ ਹੈ।

## ਮੁਸਲਮ ਨਕਾਹ ਦੀ ਰਸਮ (ਮ: ਕੋ:)

ਸੰਗਿਆਂ ਇਸਤ੍ਰੀ ਪੁਰਸ਼ ਦਾ ਸੰਗ, ੨ ਮੁਸਲਮਾਨੀ ਰੀਤ ਅਨੁਸਾਰ ਵਿਵਾਹ (ਨਕਾਹ) ਇਕ ਪਾਸਿਓਂ ਦਰਖਾਸਤ ਅਤੇ ਦੂਜੇ ਪਾਸਿਓਂ ਮਨਜ਼ੂਰੀ ਪੁਰ ਦ੍ਰਿੜ੍ਹ ਹੋ ਜਾਂਦਾ ਹੈ, ਦੋ ਗਵਾਹਾਂ ਦੇ ਸਾਹਮਣੇ ਜੋ ਬਾਲਿਗ ਸਮਝ ਵਾਲੇ ਅਤੇ ਮੁਸਲਮਾਨ ਹੋਣ, ਨਿਕਾਹ ਪੱਕਾ ਹੋਣਾ ਚਾਹੀਦੇ। ਇਸ ਰਸਮ ਵਿਚ ਪਤੀ ਵਲੋਂ ਆਪਣੀ ਇਸਤ੍ਰੀ ਨੂੰ "ਮਹਰ" (ਇਸਤ੍ਰੀ ਧਨ) ਦੇਣ ਦੀ ਪ੍ਰਤਿੱਗਜਾ ਕੀਤੀ ਜਾਂਦੀ ਹੈ। ਜਿਸ ਦੀ ਤਦਾਦ ਲਾੜੀ ਦੇ ਰੂਪ-ਗੁਣ ਕੁੱਲ, ਅਤੇ ਲਾੜੇ ਦੀ ਹੈਸੀਅਤ ਦਾ ਧਿਆਨ ਰਖਦਿਆਂ ਕਰੀਦੀ ਹੈ। "ਮਹਰ" ਵਧ ਤੋਂ ਵਧ ਭਾਵੇਂ ਕਿਤਨਾ ਹੋਵੇ ਪਰ ਦਸ ਦ੍ਰਿੰਮ ਤੋਂ ਘਟ ਨਹੀਂ ਹੋ ਸਕਦਾ। ਦ੍ਰਿੰਮ ਇਕ ਪੁਰਾਣਾ ਸਿੱਕਾ ਸੀ ਜੋ ੨੪ ਰੱਤੀ ਚਾਂਦੀ ਦਾ ਹੋਇਆ ਕਰਦਾ ਹੈ।

ਮਹਾਨਕੋਸ਼ ਦੇ ਕਰਤਾ ਨੇ ਵਿਵਾਹ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ—
ਵਿ-ਵਾਹ (ਵਿਵਾਹ) ਲਿਜਾਣ ਦੀ ਕ੍ਰਿਯਾ ਇਸਤ੍ਰੀ ਨੂੰ ਪਿਤਾ ਦੇ ਘਰੋਂ ਅਪਣੇ ਘਰ ਲੈ ਜਾਣ ਦੀ ਕ੍ਰਿਯਾ ਉਦ ਵਾਹ, ਸ਼ਾਦੀ ਅਨੰਦ, ਨਿਕਾਹ ਪਾਣ ਗ੍ਰਿਹਣ ਦਾਰ ਪਰ ਗ੍ਰਿਹਿ, ਮਨੂੰ ਆਦਿ ਰਿਖੀਆਂ ਨੇ ਅੱਠ ਪ੍ਰਕਾਰ ਦਾ ਵਿਵਾਹ ਲਿਖਿਆ ਹੈ ਜੈਸੇ :—



Sri Satguru Jagjit Singh Ji Elibrary NamdhariElibrary@gmail.com

(੧) ਬ੍ਰਹਮ ਵਿਵਾਹ—ਵਰ ਨੂੰ ਘਰ ਲਿਜਾ ਕੇ ਭੂਖਣ, ਬਸਤ੍ਰ ਸਹਿਤ ਕੰਨਿਆ ਦੇਣੀ।

(੨) ਦੈਵ ਵਿਵਾਹ—ਯਗ ਕਰੌਣ ਵਾਲੇ ਰਿਤਵਿਜ ਨੂੰ ਕੰਨਿਆਂ ਦਾਨ ਕਰਨੀ।

(੩) ਆਰਖ—ਵਰ ਤੋਂ ਦੋ ਬੈਲ ਲੈ ਕੇ ਉਨ੍ਹਾਂ ਦੇ ਬਦਲੇ ਕੰਨਜਾ ਦੇਣੀ।

(੪) ਪ੍ਰਾਜਾ ਪਤਯ—ਲਾੜਾ ਅਤੇ ਲਾੜੀ ਸੰਤਾਨ ਉਤਪਤੀ ਲਈ ਪਰਸ-ਪਰ ਜੋ ਸ਼ਾਦੀ ਕਰਨਾ।*

(੫) ਅਸੁਰ—ਧਨ ਦੇ ਕੇ ਕੰਨਜਾ ਲੈਣੀ।

(੬) ਗੰਧਰਭ—ਸ਼ਾਦੀ ਤੋਂ ਪਹਿਲਾਂ ਵਰ ਅਤੇ ਕੰਨਜਾਂ ਦੀ ਆਪੋ ਵਿਚੀ ਪ੍ਰੀਤ ਹੋਣ ਪੁਰ ਵਿਵਾਹ।

(੭) ਰਾਖਸ਼—ਜੰਗ ਵਿਚ ਜਿੱਤ ਕੇ ਕੰਨਿਆਂ ਲੈ ਜਾਣੀ।

(੮) ਪਿਸਾਚ—ਜ਼ੁਲਮ ਨਾਲ ਰੋਂਦੀ ਕੰਨਜਾਂ ਖੋਹ ਕੈ ਲੈ ਜਾਣੀ।

(੯) ਵਿਵਾਹਤਾਂ—ਵਿਆਹੀ ਹੋਈ ਇਸਤ੍ਰੀ, ਜਿਸ ਦੀ ਧਰਮ ਅਨੁਸਾਰ ਸ਼ਾਦੀ ਹੋਈ ਹੋਵੇ।

## ਗ੍ਰਿਹਸਤ ਸਭ ਧਰਮਾਂ ਤੋਂ ਸ੍ਰੇਸਟ ਹੈ

**ਭਾ: ਗੁ: ਜੀ ਦਾ ਕਥਨ ਹੈ—**

ਜੈਸੇ ਸਰ ਸਰਤਾ ਸਕਲ ਮੈਂ ਸਮੁੰਦ ਬਡੋਂ
ਮੇਰ ਮੈਂ ਸੁਮੇਰ ਬਡੋ ਜਗਤ ਬਿਖਾਨ ਹੈ।
ਤਰਵਰ ਵਿਖੇ ਜੈਸੇ ਚੰਦਨ ਬਿਰਖ ਬਡੋ।
ਧਾਤ ਮੈ ਕਨਕ ਅਤਿ ਉਤਮ ਕੈ ਮਾਨ ਹੈ।
ਪੰਛਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ।
ਰਾਗਨ ਮੈ ਸ੍ਰੀ ਰਾਗ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰ ਧਿਆਨ ਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।

---

*ਕਈ ਰਿਖੀਆਂ ਨੇ ਲਿਖਿਆ ਹੈ ਕਿ ਪਿਤਾ ਦੇ ਪੁਤ੍ਰ ਨਾ ਹੋਣ ਪੁਰ ਜਵਾਈ ਨਾਲ ਇਹੁ ਵਚਨ ਕਰਨੇ ਕਿ ਜੋ ਮੇਰੀ ਪੁਤ੍ਰੀ ਦੇ ਬੇਟਾ ਜਨਮੇਗਾ ਉਹ ਮੈਂ ਮੁਤਬੰਨਾ ਕਰਾਂਗਾ। ਕੰਨਜਾਂ ਦਾ ਵਿਵਾਹ ਕਰਨਾ (ਪ੍ਰਾਜਾ ਪਤਯ ਹੈ)



Sri Satguru Jagjit Singh Ji Elibrary NamdhariElibrary@gmail.com

ਭਾਵ—ਜਿਵੇਂ ਨਦੀਆਂ-ਦਰਯਾਵਾਂ ਵਿਚੋਂ ਸੁਮੰਦ੍ਰ ਅਤੇ ਪਰਬਤਾਂ ਵਿਚੋਂ ਸੁਮੇਰ-ਪੰਛੀਆਂ ਵਿਚੋਂ ਹੰਸ। ਚਾਰ ਪਾਇਆਂ ਪਸੂਆਂ ਵਿਚੋਂ ਸ਼ੇਰ (ਸਾਰਦੂਲ) ਵਡਾ ਹੈ ਰਾਗਾਂ ਵਿਖੇ ਸ੍ਰੀ ਰਾਗ ਦਾ ਉਤਮ ਸਥਾਨ ਹੈ। ਪੱਥਰਾਂ ਵਿਚੋਂ ਪਾਰਸ (ਜਿਉਂ ਪਾਰਸ ਵਿਚ ਪੱਥਰਾਂ) ਸਾਰੀ ਬਨਸਪਤੀ ਦਰਖਤਾਂ ਆਦਿ ਵਿਚੋਂ ਚੰਦਨ ਦਾ ਬਿਰਵਾ ਉੱਤਮ ਹੈ। ਧਾਤੂ-ਲੋਹਾ, ਤਾਂਬਾ, ਚਾਂਦੀ, ਆਦਿਕਾਂ ਵਿਚੋਂ ਸੋਨਾ ਪਵਿਤ੍ਰ (ਸੁੰਦਰ) ਧਾਤੂ ਹੈ। ਤੈਸੇ ਹੀ ਬਾਨ ਪ੍ਰਸਥ, ਸੰਨਿਆਸ ਆਦਿ ਸਰਬ ਧਰਮਾਂ ਵਿਚੋਂ ਗ੍ਰਿਹਸਤ ਪ੍ਰਧਾਨ-ਮੁਖਿ) ਹੈ ਤੈਸੇ ਹੀ ਗੁਰੂਆਂ, ਅਵਤਾਰਾਂ ਵਿਚੋਂ ਗੁਰੂ ਨਾਨਕ ਦਾ ਦਰਜਾ ਉਚਾ ਹੈ। ਜੈਸੇ :—

"ਸਭ ਤੋਂ ਵਡਾ ਸਤਿਗੁਰ ਨਾਨਕ

ਅਤੇ ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ।

## ਗੁਰਮਤਿ ਵਿਚ ਗ੍ਰਿਹਸਤ ਨੂੰ ਪ੍ਰਧਾਨਗੀ ਗੁਰੂ ਨਾਨਕ ਦੇਵ ਨੇ ਬਖਸ਼ੀ

ਕਿਉਂ ਜਦ ਗੁਰੂ ਨਾਨਕ ਦੇਵ ਜੀ ਨੇ ਸਿਵਰਾਤ੍ਰੀ ਦਾ ਮੇਲਾ (ਜੋ ਸਿੱਧਾਂ ਜੋਗੀਆਂ ਦਾ ਅਚੱਲ ਵਟਾਲੇ ਵਿਖੇ ਹੁੰਦਾ ਹੈ—ਜਿਥੇ ਸਿੱਧ ਜੋਗੀ ਦੂਰੋਂ ੨ ਆ ਕੇ ਇਕੱਠੇ ਹੁੰਦੇ ਸਨ। ਉਥੇ ਗਏ ਤਾਂ ਗੁਰੂ ਜੀ ਦਾ ਗ੍ਰਿਹਸਤੀ ਪਹਿਰਾਵਾ ਵੇਖ ਜੋਗੀ ਭੰਗਰ ਨਾਥ ਨੇ ਤਰਕ ਨਾਲ ਕਿਹਾ ਕਿ ਨਾਨਕ ਤੂੰ ਉਦਾਸੀਆਂ ਦਾ ਭੇਖ (ਗੇਰੂ ਰੰਗੇ ਕਪੜੇ) ਉਤਾਰ ਕੇ ਹੁਣ "ਵੱਤ ਕਿਓਂ ਸੰਸਾਰੀ ਰੀਤ ਚਲਾਈ" ਚਿੱਟੇ ਕਪੜੇ ਪਹਿਨੇ ਹਨ, ਭਾਵ ਗ੍ਰਿਹਸਤੀ ਕਿਉਂ ਬਣੇ ? ਗੁਰੂ ਜੀ ਨੇ ਉਤ੍ਰ ਦਿਤਾ—

ਨਾਨਕ ਆਖੇ ਭੰਗਰ ਨਾਥ ਤੇਰੀ ਮਾਊ ਕੁਚੱਜੀ ਆਹੀ ॥
ਭਾਂਡਾ ਧੋਇ ਨਾ ਜਾਤਿਓਂ ਭਾਇ ਕੁਚਜੇ ਫੁਲ ਸੜਾਈ ॥
ਹੋਏ ਅਤੀਤ ਗ੍ਰਿਹਸਤ ਤਜ ਫਿਰ ਉਨਹੂ ਕੇ ਘਰ ਮੰਗਣ ਜਾਈ ॥

ਭਾਵ—ਤੁਸੀਂ ਗ੍ਰਿਹਸਤ ਛਡ ਕੇ ਜੋਗੀ ਅਤੀਤ ਕਹਿਲਾਉਂਦੇ ਹੋ ਅਤੇ ਗ੍ਰਿਹਸਤੀਆਂ ਵਿਰੁਧ ਪ੍ਰਚਾਰ ਕਰਦੇ ਹੋ, ਫਿਰ ਤੁਸੀਂ ਇਹਨਾਂ ਹੀ ਗ੍ਰਿਹਸਤੀਆਂ ਦੇ ਘਰਾਂ ਤੋਂ ਮੰਗ ਕੇ ਆਪਣੀ ਉਦਰ ਪੂਰਣਾਂ ਕਰਦੇ ਹੋ। ਲੋਕੋਕਤੀ ਹੈ—

"ਛਡੇ ਗਰਾਂ ਤਾਂ ਫਿਰ ਕੀ ਲੈਣਾ ਨਾਂ"

ਜਦ ਤੁਸੀਂ ਗ੍ਰਿਹਸਤ ਤਿਆਗ ਦਿਤਾ ਤਾਂ ਫਿਰ ਉਹਨਾਂ ਹੀ ਘਰਾਂ ਤੋਂ ਮੰਗ ਖਾਣ ਲਈ ਜਾਂਦੇ ਹੋ ਤਾਂ ਇਸ ਦਾ ਕੀ ਅਰਥ ? ਗ੍ਰਿਹਸਤ ਮਾਰਗ ਤਾਂ ਸਰਬ ਸ੍ਰੇਸ਼ਟ ਮਾਰਗ ਹੈ ਜੋ ਸਭ ਦੀ ਉਦਰ ਪੂਰਣਾਂ ਵਿਚ ਸਹਾਈ ਹੁੰਦਾ ਹੈ ਅਤੇ ਆਪਣੀ ਸੰਤਾਨ ਪੈਦਾ ਕਰਕੇ ਸੰਸਾਰ ਵਿਖੇ ਉਤਪਤੀ ਦਾ ਸ੍ਰੇਸ਼ਟ ਰਸਤਾ ਅਖਤਿਆਰ ਕਰਦਾ ਹੈ ਅਤੇ ਤੁਹਾਡੇ ਜਿਹੇ



Sri Satguru Jagjit Singh Ji Elibrary NamdhariElibrary@gmail.com

ਭੁੱਖਿਆਂ ਦੇ ਪੇਟ ਵਿਚ ਝੁਲਸਾ ਪਾਉਂਦਾ ਪਰ ਤੁਹਾਨੂੰ ਤਾਂ "ਯੋਗ" ਕੀ ਹੈ ? ਇਸ ਦੀ ਜ਼ਰਾ ਵੀ ਸਮਝ ਨਹੀਂ। ਕੇਵਲ ਪਿੰਡੇ ਨੂੰ ਸੁਆਹ ਮਲ ਕੇ ਸ਼ੀਸ ਜਟਾਵਾਂ ਅੌਰ ਕੰਨ ਪੜਾ ਤੇ, ਮੁੰਦ੍ਰਾਂ ਪਾ ਕੇ ਤਾਂ ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਹੁੰਦੀ।

## ਇਸ ਪਰ ਗੁਰੂ ਜੀ ਨੇ ਯੋਗ ਦੇ ਲੱਛਣ ਇਸ ਤਰ੍ਹਾਂ ਦੱਸੇ—

"ਜੋਗ ਨਾ ਖਿੰਥਾ ਜੋਗ ਨ ਡੰਡੇ, ਜੋਗ ਨਾ ਭਸਮ ਚੜਾਈਐ ॥
ਜੋਗ ਨ ਮੁੰਦੀ ਮੂੰਡ ਮੁਡਾਈਏ, ਜੋਗ ਨਾ ਸਿੰਙੀ ਵਾਈਐ ॥
ਅੰਜਨ ਮਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਈਐ ।੧॥
ਗਲੀ ਜੋਗ ਨ ਹੋਈ ॥ ਏਕ ਦ੍ਰਿਸਟ ਕਰ ਸਮਸਰ ਜਾਣੈ
ਜੋਗੀ ਕਹੀਐ ਸੋਈ ॥੧॥ਰਹਾਉ॥

ਜੋਗ ਨ ਬਾਹਰ ਮੜੀ ਮਸਾਣੀ, ਜੋਗ ਨ ਤਾੜੀ ਲਾਈਐ ।,
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ ॥ਆਦਿ॥

**ਏਥੇ ਸਾਰਾ ਸ਼ਬਦ** ਮਨੁਖ ਜੀਵਨ ਵਿਚ ਗ੍ਰਿਹਸਤ ਉਚਾ ਸੁਚਾ ਧਰਮ ਮੰਨਿਆ ਹੈ। ਇਸ ਦੇ ਵਿਦਵਾਨਾਂ ਨੇ ਚਾਰ ਭਾਗ ਇਸ ਪ੍ਰਕਾਰ ਕੀਤੇ ਹਨ—

੧. ਬ੍ਰਹੰਮਚਰਯਾ। ੨. ਗ੍ਰਿਹਸਤ। ੩. ਬਾਨ ਪ੍ਰਸਥ। ੪. ਸੰਨਿਆਸ।

(੧) **ਬ੍ਰਹੰਮਚਰਯ**—ਜਨੇਊ ਧਾਰਨ ਕਰਕੇ ਵੇਦ ਪੜ੍ਹਨ ਲਈ ਗੁਰੂ ਦੇ ਪਾਸ ੨੫ ਵਰ੍ਹੇ ਦੀ ਉਮਰ ਤੀਕ. ਆਪਣੇ ਮਨ ਇੰਦ੍ਰੀਆਂ ਨੂੰ ਬੁਰੇ ਵਿਚਾਰਾ ਦਾ ਤਿਆਗ ਕਰਕੇ ਰਹਿਣਾ ਅਤੇ ਇਸ ਪਿਛੋਂ।

(੨) **ਗ੍ਰਿਹਸਤ**—ਗੁਰੂ ਜਨਾ ਦੀ ਆਗਿਆ ਨਾਲ ਵਿਵਾਹ ਕਰਕੇ ਇਸਤ੍ਰੀ ਨਾਲ ਗ੍ਰਿਹਸਤ ਜੀਵਨ ੫੦ ਵਰ੍ਹੇ ਤੀਕ ਆਪਣੀ ਉਮਰ ਦਾ ਹਿੱਸਾ ਗੁਜ਼ਾਰਨਾ।

(੩) **ਬਾਨ ਪ੍ਰਸਥ**—ਵਾਨ ਪ੍ਰਸਥ, ਗ੍ਰਿਹਸਥ ਜੀਵਨ ਪਿਛੋਂ ਇਕੱਲੇ ਯਾ ਇਸਤ੍ਰੀ ਸਮੇਤ ਬਨ ਵਿਚ ਰਹਿ ਕੇ ਅਗਨਹੋਤਰ ਆਦਿ ਕਰਮ ਕਰਦੇ ਹੋਇਆਂ ਨੇ ਏਕਾਂਤ ਜੀਵਨ ਬਿਤਾਉਣਾ ਅਤੇ ਇਸ ਦਸ਼ਾ ਵਿਚ (੭੫) ਵਰ੍ਹੇ ਦੀ ਉਮਰ ਤੀਕ ਰਹਿਣਾ।

(੪) **ਸੰਨਯਾਸ**—ਇਸ ਪਿਛੋਂ ਸੰਨਿਆਸ ਧਾਰ ਕੇ ਅਗਨ ਹੋਤਰੀ ਕਰਮਕਾਂਡ ਤਿਆਗ ਕੇ ਅਤੇ ਭਿਖਿਆ ਮੰਗ ਕੇ ਗੁਜ਼ਾਰਾ ਕਰਨਾ ਆਦਿ।

(ਮ: ਕੋ:)



Sri Satguru Jagjit Singh Ji Elibrary NamdhariElibrary@gmail.com

ਗੁਰਬਾਣੀ ਵਿਚ ਉਪ੍ਰੋਕਤ ਕਰਮ ਕਾਂਡਾਂ ਨੂੰ ਤ੍ਰਜੀਹ ਨਹੀਂ ਦਿਤੀ ।

ਕੇਵਲ ਵਿਦੱਯਾ ਪਠਨ-ਪਾਠਨ ਤੋਂ ਬਾਦ ਗ੍ਰਿਹਸਤ ਧਰਮ ਦੇ ਅਸੂਲਾਂ ਨੂੰ ਅਪਨਾਕੇ ਸੁਯੋਗ-ਸੁੰਦਰ ਲੜਕੀ ਨਾਲ ਵਿਵਾਹ ਕਰਕੇ ਆਪਣੀ ਉਮਰ ਦਾ ਸਾਰਾ ਭਾਗ ਆਪਣੀ ਸੰਤਾਨ ਨੂੰ ਪਾਲਣ-ਪੋਸ਼ਣ ਪਠਨ-ਪਾਠਨ ਆਦਿ ਉੱਤਮ ਸਿੱਖਿਆ ਦੇਵੇ ਦਿਲਾਵੇ, ਲੋਕ ਸੇਵਾ ਅਤੇ ਗੁਰਮਿਤ ਜਜ਼ਬਾ ਸੰਤਾਨ ਦੇ ਦਿਲਾਂ ਵਿਚ ਭਰੇ ਜਿਸ ਤੋਂ ਸੰਸਾਰ ਵਿਚ ਜੀਵਨ ਦਾ ਪ੍ਰਕਾਸ਼ ਹੋਵੇ । ਅਤੇ ਮਾਤਾ ਪਿਤਾ ਗੁਰੂਜਨਾਂ ਕੁਲ ਦਾ ਨਾਮ ਅੰਮ੍ਰ ਰਹੇ ।

ਅਜ ਓਹ ਬਾਨ ਪ੍ਰਸੱਥ ਸੁਨਿਆਸ ਦਾ ਸਮਾਂ ਨਹੀਂ ਰਿਹਾ । ਪ੍ਰਾਣੀ ਦਾ ਆਪਣੇ ਆਪ ਲਈ ਸੰਸਕਾਰ ਕਰਨੇ ਨਿਸ਼ਫਲ ਸਮਝੇ ਗਏ ਹਨ । ਮਾਤਾ ਪਿਤਾ ਤਥਾ ਕਟੂੰਬ ਦੀ ਸੇਵਾ ਭਾਵਨਾ ਹੀ ਸੰਸਾਰ ਪ੍ਰਸਿੱਧੀ ਦਾ ਰਹੱਸ ਹੈ ਅਤੇ ਵਿਚੇ ਗ੍ਰਿਹਸਤ ਉਦਾਸ ਰਹਣਾਹੀ ਉਚਤ ਹੈ. ਈਸਵਰ ਦਾ ਨਾਮ ਜਪਣਾ, ਚੰਗੇ ਕੰਮ ਕਰਨੇ, ਈਰਖਾ ਅਤੇ ਹਉਂਮੈ ਦਾ ਤਿਆਗ, ਨਿਮ੍ਰਤਾ ਧਾਰਨੀ ਆਦਿ ਆਦਿ ।

ਗੁਰੂ ਨਾਨਕ ਬਾਣੀ ਹੈ :—"ਚਾਰ ਵਰਣ ਚਾਰ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪ੍ਰਧਾਨ ॥" (ਗੋਂਡ ਮ: ੫)

**ਪਤੀ-ਪਤਨੀ ਦੇ ਜੋੜ ਦਾ ਰਾਜ਼ :—**

ਜੇ ਇਸਤ੍ਰੀ ਭਰਤਾ ਦੋਨੋਂ ਗੁਰਮਤਿ ਧਾਰਨੀ ਅਤੇ ਆਪਣੇ ਇਸ਼ਟਦੇਵ ਦੀ ਸਿਖਿਆ ਤੇ ਚਲਣ ਵਾਲੇ ਹੋਣ ਤਾਂ ਓਹ ਜ਼ਿੰਦਗੀ ਵਿਚ ਗ੍ਰਿਹਸਤ ਦਾ ਅਨੰਦ ਮਾਣ ਸਕਦੇ ਹਨ ਤੇ ਅੱਛੀ ਸੰਤਾਨ ਪੈਦਾ ਕਰ ਸਕਦੇ ਹਨ । ਮੈਂ ਲੜਕੀਆਂ ਦੇ ਨੌਕਰੀ ਐ ਮਰਦਾਂ ਬਰਾਬਰਿ ਵਿਚਾਰ ਵਿਟਾਂਦਰਿਆਂ ਦੇ ਖਿਲਾਫ਼ ਨਹੀਂ । ਕੇਵਲ ਪਤੀ-ਪਤਨੀ ਨੂੰ ਆਪਣੇ ਖਿਆਲ ਜ਼ਰੂਰ ਮੇਲਣੇ ਚਾਹੀਦੇ ਹਨ । ਏਹ ਤਾਂ ਹੋ ਸਕਦਾ ਹੈ ਜੇ ਇਸਤ੍ਰੀ ਮਰਦ ਦੋਨੋਂ ਇਕੋ ਧਰਮ ਧਾਰਨੀ ਹੋਣ ਅਤੇ ਇਕੋ ਇਸ਼ਟ ਦੇ ਪੁਜਾਰੀ । ਰਾਣਾਂ ਤੇ ਮੀਰਾ ਬਾਈ ਦੀ ਅਣ-ਬਣ ਦਾ ਨਤੀਜਾ ਵੀ ਏਹ ਸੀ ਕਿ ਮੀਰਾ ਕ੍ਰਿਸ਼ਨ ਭਗਤ ਅਤੇ ਰਾਣਾ ਸ਼ਿਵ ਦਾ ਪੁਜਾਰੀ । ਇਸ ਖਿਚੋਤਾਣ ਨੇ ਦੋਨਾਂ ਨੂੰ ਅਲੱਗ-ਥਲੱਗ ਕਰ ਦਿਤਾ ।

ਦੂਸਰੀ ਗਲ ਆਪਸ ਦੇ ਅਨਜੋੜ ਦੀ ਇਹ ਹੈ ਕਿ ਜੇ ਇਨ੍ਹਾਂ ਦੋਨਾਂ ਵਿਚੋਂ ਕੋਈ ਇਕ ਕੁਸੰਗਤ ਕਰਕੇ ਦੁਰਾਚਾਰੀ ਹੋ ਜਾਵੇ ਜੈਸੇ ਪਤੀ ਸ਼ਰਾਬੀ, ਜੁਏਬਾਜ਼, ਕੰਮਚੋਰਟਾ, ਨਿਖੱਟੂ ਬਹੁਤੇ ਅਵਿਗੁਣਾਂ ਦਾ ਧਾਰਨੀ, ਜੈਸੇ ਆਦਿ ਗ੍ਰੰਥ ਬਾਣੀ ਦਾ ਉਦਾਹਰਣ ਹੈ :—

ਤਕਹਿ ਨਾਰ ਪਰਾਈਆਂ ਲੁਕ ਅੰਦਰ ਠਾਣੀ ॥ (ਇਸਨੂ)
ਅਜਰਾ ਦੀਲ ਫਰੋਸ਼ਤਾਂ ਤਿਲ ਪੀੜੇ ਘਾਣੀ ॥ (ਵ: ਗੁ: ਮ: ੪)

ਅਤੇ ਪਰ ਤ੍ਰੀਆ ਰਮਹਿ ਬਕੇਹਿ ਸਾਧ ਨਿੰਦ ॥
ਕਰਨ ਨ ਸੁਨਹੀ ਹਰਿ ਜਸ ਬਿੰਦ ॥



Sri Satguru Jagjit Singh Ji Elibrary NamdhariElibrary@gmail.com

ਹਿਰਹਿ ਪਰ ਦਰਬ ਉਦਰ ਕੈ ਤਾਈ ॥
ਅਗਨ ਨ ਨਿਵਰੈ ਤ੍ਰਿਸ਼ਨਾ ਨ ਬੁਝਾਈ ॥ (ਵਾ: ਗਉ: ਮ: ੫)

ਅਤੇ ਇਸਤ੍ਰੀ ਨੂੰ ਵੀ ਵਿੱਭਚਾਰਨੀ, ਕਲੈਹਣੀ, ਪਤੀ ਅਗਿਆ ਦਾ ਉਲੰਘਣ ਕਰਨ ਵਾਲੀ ਆਦਿ ਨਾਮਾ ਨਾਲ ਪੁਕਾਰਿਆ ਹੈ ਜੈਸੇ :—

ਨਾਰ ਕਲੈਹਣੀ ਅੰਤਿ ਬੁਰੀ ਰਖੈ ਨਿਤ ਘਰ ਸ਼ੋਰ ॥
ਤਿਸਦਾ ਸੁਆਮੀ ਜੀਉਂਦਾ ਵਸੈ ਨਰਕਅਤਿ ਘੋਰ ॥
ਤਥਾ ਪਾਨੀ ਕੇ ਮਾਗਤ ਪਾਥਰ ਮਾਰਤ ਨਾਰ ਕਿਧੌ ਘਰ ਨਾਹਰ ਆਨੀ ॥
(ਦਸਮ ਗ੍ਰੰਥ ਚੱਰਤ)

ਐਸੇ ਪਤੀ-ਪਤਨੀ ਦੇ ਸੰਸਕਾਰਾਂ ਨਾਲ ਘਰ ਦੀ ਸੰਪਤੀ ਇੱਜ਼ਤ ਆਬਰੂ ਆਦਿ ਦਾ ਨਾਸ ਹੋ ਜਾਂਦਾ ਹੈ ।

## ਗੁਰਮਤ ਅਨੰਦ ਕਾਰਜ

ਸਿੱਖ ਪੰਥ ਵਿਚ ਕੁੜੀ ਮੁੰਡੇ ਦੇ ਵਿਵਾਹ ਨੂੰ ਅਨੰਦ ਕਾਰਜ ਆਖਿਆ ਜਾਂਦਾ ਹੈ । ਇਸ ਸਮੇਂ ਵਰ ਤੇ ਕੰਨਯਾ ਬਚਪਨ ਚੋਂ ਬੇ-ਫਿਕਰੀ ਦਾ ਜੀਵਨ ਲੰਘਾ ਕੇ ਬ੍ਰਹੰਮਚਾਰਜ ਧਾਰ ਵਿਦਿਆ ਦਾ ਪਠਨ ਪਾਠਨ ਕਰ ਗ੍ਰਿਹਸਤਆਸ਼ਰਮ ਵਿਚ ਪ੍ਰਵੇਸ਼ ਕਰਦੇ ਹੰਨ । ਏਹ ਮੌਕਾ ਅਤੀ ਸੁਹਾਵਣਾ ਭਾਗਾਂ ਭਰਿਆ ਮੰਨਿਆ ਹੈ । ਇਸ ਮੌਕੇ ਤੇ ਸਬੰਧੀਆਂ ਵਲੋਂ ਹੋਵੇ ਇਕੱਠ ਤੇ ਇਸਤ੍ਰੀਆਂ ਮੰਗਲ ਮਈ ਗੀਤ ਗਾ ਕੇ ਆਪਣਾ ਅਤੇ ਆਪਣੇ ਸਬੰਧੀਆਂ ਦਾ ਮਨ ਪ੍ਰਸੰਨ ਕਰਦੀਆਂ ਹੰਨ । ਏਹ ਖੁਸ਼ੀ ਐਨਾ ਵਡਾ ਰੂਪ ਧਾਰਨ ਕਰ ਜਾਂਦੀ ਹੈ ਕਿ ਇਸਤ੍ਰੀਆਂ ਪ੍ਰੇਮ ਮਗਨ ਹੋ ਆਪਾ ਭੁਲ ਜਾਂਦੀਆਂ ਹੰਨ । ਅਰ ਲੜਕੀ ਦੀ ਸ਼ਾਦੀ ਤੇ ਜੰਞ ਦਾ ਢੁਕਾਉ ਬਾਜੇ ਢੋਲ ਧਮਕਿਆਂ ਨੂੰ ਸੁਣ ਲੱਕ ਦੀ ਤੜਾਗੀ ਗਲ ਵਿਚ ਤੇ ਗਲ ਵਾਲਾ ਹਾਰ ਲੱਕ ਨੂੰ ਬੰਨ੍ਹ ਲੈਂਦੀਆਂ ਹੰਨ । ਅਤੇ ਪੈਰਾਂ ਦੇ ਪਉਂਟੇ ਹਥਾਂ ਵਿਚ ਤੇ ਹੱਥੀ ਪੌਣ ਵਾਲੀਆਂ ਚੂੜੀਆਂ ਪੈਰਾਂ ਵਿਚ ਪਾ ਲੈਂਦੀਆਂ ਹਨ । ਸੁਰਮਾਂ ਅੱਖਾਂ ਦੀ ਬਜਾਏ ਬੁਲ੍ਹਾਂ ਤੇ ਅਤੇ ਬੁਲ੍ਹਾਂ ਤੇ ਲੌਣ ਵਾਲੀ ਸੁਰਖੀ ਅੱਖਾਂ ਤੇ ਭਾਵ ਭਰਾਂਤੀ ਅਲੰਕਾਰ ਹੋ ਜਾਂਦਾ ਹੈ—ਜਥਾ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਤੇ ਇਸਤ੍ਰਾਂ ਲਿਖਿਆ ਹੈ—

ਸ੍ਰੌਨਨ ਮੈਂ ਸੁਨ ਬਾਜਨ ਕੀ ਧੁਨ, ਵਿਭਰਮ ਹੋਤ ਭਯੋ ਮਨ ਨਾਰੀ ।
ਹਾਰ ਲੁਪੇਟ ਲੀਯੋ ਕਟ ਕੇ ਤਟ, ਕਿੰਕਨ ਲੈ ਗਲ ਬੀਚ ਸੁ ਧਾਰੀ ।
ਨੂਪਰ ਹਾਥਨ ਮੈ ਪਹੁਚੀ ਪਗ, ਅੰਚਲ ਅੰਗਨ ਥਾਨ ਸੁਵਾਰੀ ।
ਅੰਜਨ ਅੰਜ ਕਪੋਲਨ ਪੈ, ਚੱਖ ਜਾਵਕ ਡਾਰ ਨ ਧੀਰ ਵਿਚਾਰੀ ।
(ਨਾਨਕ ਪ੍ਰਕਾਸ਼)



Sri Satguru Jagjit Singh Ji Elibrary NamdhariElibrary@gmail.com

**ਵਿਵਾਹ ਸਮੇਂ ਇਸਟ ਦੇਵ ਦੀ ਪ੍ਰੀਕਰਮਾ—**

ਪ੍ਰਦੱਖਣਾ-ਪੁਰਾਤਨ ਯੁਗ ਤੋਂ ਚਲੀ ਆਉਂਦੀ ਹੈ ਜਿਸ ਦਾ ਭਾਵ ਪ੍ਰਾਣੀ ਆਪਣੇ ਗੁਰੂ ਇਸਟ ਦੇਵ ਦੀਆਂ ਪ੍ਰਕਰਮਾ ਕਰਕੇ ਆਪਣੇ ਸਰੀਰ ਦੇ ਅੰਗਾਂ ਨੂੰ ਸੁਫਲ ਕਰਨਾ ਮੰਨਿਦਾ ਹੈ। ਇਸ ਪਰ ਭਾ: ਗੁ: ਦੀ ਉਗਾਹੀ ਹੈ; ਯਥਾ :—

ਸੁਫਲ ਜਨਮ ਗੁਰ ਚਰਨ ਸਰਨ ਲਿਵ,
ਸਫਲ ਦ੍ਰਿਸਟ ਗੁਰ ਸ਼ਬਦ ਅਲੋਈਐ।
ਸਫਲ ਸੁਰਤ ਗੁਰ ਸਬਦ ਸੁਨਤ ਨਿਤ,
ਜਿਹਬਾ ਸਫਲ ਗੁਨ ਨਿਧ ਗੁਨ ਗੋਈਐ।
ਸਫਲ ਹਸਤ ਗੁਰਚਰਣ ਪੂਜਾ ਪ੍ਰਮਾਣ,
ਸਫਲ ਚਰਣ ਪ੍ਰਦੱਖਣਾ ਕੈ ਪੋਈਐ।
ਸੰਗਮ ਸਫਲ ਸਾਧ ਸੰਗਤ ਸਜਾਏ ਘਰ,
ਹਿਰਦੇ ਸਫਲ ਗੁਰਮਤ ਕੈ ਸਮੋਈਐ।

ਇਸ ਕਰਕੇ ਗੁਰ ਸਿੱਖਾਂ ਵਿਚ ਆਪਣੇ ਇਸਟ ਸ੍ਰੀ ਗ੍ਰੰਥ ਸਾਹਿਬ ਦੀਆਂ ਪ੍ਰਕਰਮਾ ਕੁੜੀ ਮੁੰਡੇ ਦੇ ਆਨੰਦ ਕਾਰਜ ਤੇ ਕਰਵਾਈਆਂ ਜਾਂਦੀਆਂ ਹੰਨ, ਹਿੰਦੂ ਮਤ ਵਿਚ ਅਗਨੀ ਦੁਆਲੇ।

## ਅਗਨੀ ਪ੍ਰੀਕਰਮਾਂ ਦੇ ਭੇਦ

ਗ੍ਰੰਥ ਸ਼ਾਸਤ੍ਰਾਂ ਨੇ ਅਗਨੀ ਦੇਵਤਾ ਮੰਨਿਆ ਹੈ, ਅਗਨੀ ਤੱਤ ਹਰੇਕ ਪ੍ਰਾਣੀ ਮਾਤ੍ਰ ਵਿਚ ਸਥਿਰ ਹੈ ਅਤੇ ਇਸ ਨੂੰ ਹੀ ਪ੍ਰਾਣ ਆਖਿਆ ਹੈ, ਜੋ ਪ੍ਰਾਣੀ ਦੇ ਖਾਧੇ-ਪੀਤੇ ਨੂੰ ਗਰਮ ਕਰਕੇ ਅੰਨ ਵਿਚੋਂ ਇਕ ਨਿਰੋਲ ਰਸ ਹਵਾ ਦੇ ਸਹਾਰੇ ਸਰਬ ਨਾੜੀਆਂ ਰਾਹੀਂ ਨੀਯਤ ਥਾਂ ਪਹੁੰਚਾਂਦਾ ਹੈ। ਭਾਵੇਂ ਪੁਰਖ ਪ੍ਰਾਣੀਆਂ ਦੇ ਸਰੀਰ ਵਿਚ ਵਿਦਵਾਨਾ ਨੇ ਦਸ ਪ੍ਰਾਣ ਅਗਨੀਆਂ ਕਹੀਆਂ ਹੰਨ ਜਿਨ੍ਹਾਂ ਦੇ ਨਾਮ ਹਨ—੧. ਪ੍ਰਾਣ, ੨. ਅਪਾਨ, ੩. ਸਮਾਨ, ੪. ਉਦਾਨ, ੫. ਵਿਆਨ, ੬. ਨਾਗ, ੭. ਕੂਰਮ, ੮. ਕ੍ਰਿੱਕਲ, ੯. ਦੇਵ ਦੱਤ, ੧੦. ਧਨੰਜਜ। ਇਨ੍ਹਾਂ ਦਸ ਪ੍ਰਾਣ ਅਗਨੀਆਂ ਦਾ ਸਰੂਪ ਦਾਸ ਨੇ ਕਵਿਤਾ ਵਿਚ ਇਸਤ੍ਰਾਂ ਛੰਦ ਬਧ ਕੀਤਾ ਹੈ—

**ਪ੍ਰਾਣ** ਰਿਦੇ ਔ **ਅਪਾਨ** ਗੁਦਾ ਮਹਿ, ਨਾਭੀ ਸੁਮਾਨ **ਵਿਆਨ ਸਰੀਰੇ ਉਦਾਨ;**
੧ ੨ ੩ ੪ ੫
ਰਹੇ ਕੰਠ **ਨਾਗ** ਡਕਾਰ ਲੈ, **ਕੂਰਮ** ਨੇਤ੍ਰ ਖੋਲਮਟੀਰੇ। ਮਾਰਤ ਛੀਕ **ਕ੍ਰਿੱਕਲ** ਨਾਕ
੬ ੭ ੮



Sri Satguru Jagjit Singh Ji Elibrary NamdhariElibrary@gmail.com

ਸੇ । ਲੇਤ ਉਬਾਸੀ ਹੈ **ਏਵ ਦਤੀਰੇ** ਮੁਰਦਾ ਲਾਸ਼ ਫੁਲਾਵ **ਧਨੰਜਯ** 'ਕੰਵਲ'
ਇਹੇ ਦਸ ਪ੍ਰਾਣ ਸਰੀਰੇ ੯ ੧੦

ਅਗਨੀ ਨੂੰ ਸ੍ਰਿਸ਼ਟ ਇਸ ਲਈ ਮੰਨਿਆ ਹੈ ਕਿ ਇਸ ਵਿਚ ਦੱਧਦ ਸ਼ਕਤੀ ਹੈ ਅਤੇ ਪ੍ਰਾਣੀ ਦੇ ਅੰਤਮ ਸਮੇਂ ਵੀ ਇਸ ਨਾਲ ਹੀ ਗਤੀ ਹੁੰਦੀ ਹੈ । ਇਸ ਕਰਕੇ ਮੁੰਡਾ-ਕੁੜੀ ਵਿਵਾਹ ਸਮੇ ਸਾਖਯਾਤ ਅਗਨੀ ਪ੍ਰਚੰਡ ਕਰਕੇ ਇਸ ਦੀਆਂ ਪ੍ਰਕਰਮਾ ਕਰਦੇ ਹੰਨ । ਕਿਉਂਕਿ ਪ੍ਰਾਣ ਅਗਨਿ ਹੈ ਪਤੀ-ਪਤਨੀ ਆਪਣੇ ਪ੍ਰਾਣਾਂ ਨੂੰ ਸਾਖਯਾਤ ਕਰਕੇ ਸੋਗੰਧ ਲੈਂਦੇ ਹੰਨ ਕਿ ਹੇ ਅਗਨਿ ਦੇਵ ਅਸੀਂ ਇਸਤ੍ਰੀ-ਭਰਤਾ ਤੇਰੇ ਸਾਹਮਣੇ ਆਪਣੇ ਪ੍ਰਾਣਾਂ ਦੀ ਸੌਗੰਧ ਲੈਂਦੇ ਹਾਂ ਕਿ ਜਦ ਤਕ ਅਸੀਂ ਦੋਵੇਂ ਜ਼ਿੰਦਗੀ ਵਿਚ ਗ੍ਰਿਹਸਤ ਦਾ ਸੁਆਦ ਮਾਣਦੇ ਹੋਏ ਮਰ ਕੇ ਤੇਰੇ ਵਿਚ ਨਾ ਸਮਾਵਾਂਗੇ ਓਦੋਂ ਤਕ ਅਸੀਂ (ਪਤੀ-ਪਤਨੀ) ਇਕ ਦੂਜੇ ਤੋਂ ਅਲਗ ਨਹੀਂ ਹੋਵਾਂਗੇ । ਇਸ ਲਈ ਵੇਦ ਉਪਨਿਸ਼ਦਾਂ ਵਿਚ ਹੋਮ (ਹਮਨ) ਦੀ ਬੜੀ ਮਹੱਤਤਾ ਲਿਖੀ ਹੈ, ਇਸ ਨੂੰ ਹੋਮ ਅਗਨਿ ਹੋਤ੍ਰਿ ਅਤੇ ਯਜ ਦਾਨ ਆਦਿ ਨਾਮਾਂ ਨਾਲ ਕਲਪਿਆ ਹੈ ਕਿਉਂਕਿ ਜਿਸ ਕਰਮ ਨਾਲ "ਅਗਨੀ" ਭਾਵ-ਗਿਆਨ ਸਰੂਪ ਪ੍ਰਮੇਸ਼ਰ ਦੀ ਆਗਿਆ ਦਾ ਪਾਲਨ ਕਰਨ ਲਈ ਭੌਤਕ-ਪੰਜਾਂ ਤੱਤਾਂ ਦਾ ਬਣਿਆ ਹੋਇਆ (ਪਾਰਥਵ ਸ੍ਰੀਰ ਅਗਨੀ ਵਿਚ ਸੁਗੰਧਤ ਪਦਾਰਥਾਂ ਦਾ ਦਾਨ ਕੀਤਾ ਜਾਂਦਾ ਹੈ. ਉਸ ਕਰਮ ਨੂੰ 'ਹੋਮ' ਕਿਹਾ ਜਾਂਦਾ ਹੈ, ਉਦਾਹਰਣ—

ਅਗਨੌ ਪ੍ਰਾਸਤਾ ਹੁਤਿ ਸਮਯੁਕ,
ਆਦਿੱਤੀਮੁ ਪ੍ਰਤਿਸਠਤੇ ॥
ਆਦਿੱਤੀਆਂ ਜਸਤੇ ਵਿਰੁਸ਼ਠ,
ਵਰੁਸਠੇ ਨ ਭੱਰ ਪਰਜਾ ॥

ਅਰਥਾਤ—ਅਗ ਵਿਚ ਪਾਈ ਹੋਈ ਅਹੂਤੀ ਭਲੀ ਭਾਂਤ ਸੂਰਜ ਨੂੰ ਪ੍ਰਾਪਤ ਹੁੰਦੀ ਹੈ ਤੇ ਸੂਰਜ ਤੋਂ ਵਰਖਾ, ਵਰਖਾ ਤੋਂ ਅੰਨ, ਅੰਨ ਤੋਂ ਪਰਜਾ ਦੀ ਉਤਪਤਿ ।

ਔਰ—ਅੰਨਾਦਿਭਵਤਿ ਭੂਤਾਨੰ, ਪ੍ਰਜੰਨਿਆਦਿ ਨੂੰ ਸੰਭਵ,
ਯਗਆਦਿ ਭਵਤਿ ਪ੍ਰਜੱਨਿਜੋ ਯਗ ਕਰਮ ਸਮੁਦ ਭਵ ॥

ਭਾਵ—ਅੰਨ ਤੋਂ ਸਾਰੇ ਪ੍ਰਾਣੀ, ਅੰਨ ਮੇਘ ਤੋਂ ਮੇਘ ਯਜ ਤੋਂ ਔਰ ਯੱਜ ਕਰਮ ਤੋਂ ਉਤਪੰਨ ਹੋਤਾ ਹੈ । (ਵੇਦ)

ਪੰਡਤ ਕੇਸੋ ਦਾਸ ਨੇ ਅਨੰਦਪੁਰ ਵਿਖੇ ਗੁਰੂ ਕਲਗੀਧਰ ਨਾਲ ਇਕ ਭਾਰੀ ਹੋਮ ਕਰਨ ਦੀ ਗਲ ਕੀਤੀ, ਤਾਂ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਹਾ, ਪੰਡਤ ਜੀ !

ਯਥਾ :—



Sri Satguru Jagjit Singh Ji Elibrary NamdhariElibrary@gmail.com

ਯਹਿ ਤੋ ਧਰਮ ਹਮਾਰਾ ਸਾਰ ; ਕਰਤ ਰਹੇ ਨ੍ਰਿਪ ਮੁਨਿ ਅਵਤਾਰ,
ਸੋਤੋ ਹਮ ਬੀ ਕਰਨਾ ਚੈਹੈ, ਯਾਤੇ ਸਭ ਸ੍ਰਿਸ਼ਟੀ ਸੁਖ ਪੈਹੈ ॥
ਇਕ ਤੋ ਹੈ ਦੂਰ ਭਿੱਖਜਤ ਭਾਰੀ। ਹੈ ਪੜ ਰਿਹੇ ਨ ਬਰਸਤ ਬਾਰੀ।
ਦੂਸਰ ਭਾਰਤ ਵਰਸ਼ ਮਝਾਰੇ। ਮਹਾਮਾਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਯ, ਹੋਇ ਰਹੇ ਨਿਜ਼ ਧਰਮੋ ਖਾਰਜ।
ਪਾਪ ਕੁਕਰਮਨ ਮੇ ਅਤਿ ਲਾਗੇ। ਇਸੀ ਹੇਤ ਬਣ ਰਹੇ ਅਭਾਗੇ।
ਯੱਗ ਹੋਮ ਲੋ ਸੁਕ੍ਰਿੱਤ ਜੋ ਹੈ, ਹਾਕਮ ਤੁਰਤ ਕਰਨ ਨਹਿ ਦੇ ਹੈਂ।
ਹਮ ਜਬ ਹਮਨ ਯੱਗ ਕਰਵੇ ਹੈਂ, ਖੁਸ਼ ਹੋ ਘਨ, ਜਲੇ ਬਹੁ ਬੂਖੇ ਹੈ।
ਦੂਰ ਭਿਖ ਨੱਸੇ ਅੰਨ ਬਹੁ-ਥੈਹੈ, ਸੁਕ੍ਰਿੱਤ ਸਭ ਕਰਨੇ ਲਗ ਜੇ ਹੈ।
ਨੱਸੇ ਅਵਿੱਦਯਾ ਵਿੱਦਯਾ ਐ ਹੈ, ਸੂਰਬੀਰਤਾ ਦ੍ਰਿੱੜ ਪ੍ਰੱਗਟੈ ਹੈ।
ਵਰਨਾਸ਼ਰਮੀ ਜਨ ਹੈ ਜੇਤੇ, ਕਾਇਰਤਾ ਕਰ ਪੂਰਣ ਤੇਤੇ।
ਉਨੇ ਹਵਨ ਕੀ ਪਵਨ ਲਗੇ ਜਬ, ਸ਼ੇਰ ਬਿਘਆੜਨ ਸੇ ਹ੍ਵੈ ਹੈ ਸਭ।
ਸੂਰਬੀਰਤਾ ਉਰ ਮਹਿ ਜਗ ਹੈਂ, ਧਰਮ ਪੁਰਾਤਨ ਕਰਨੇ ਲਗ ਹੈ।
ਪ੍ਰਭਤਾ ਦੇਹ ਅਰੋਗ ਕਰਾਂਤੀ, ਵਿਜੇ ਗਿਜਾਨ ਸੰਤਤ ਸੁਖ ਦਾਤੀ।
ਨਿਰਭੈਤਾ ਅਰ ਦੈਵੀ ਗੁਨ ਸਭ, ਹੋਹਿ ਪ੍ਰਾਪਤ ਗੁਰੂ ਘਰ ਮੈਂ ਤਬ।
ਬਾਲਕ ਭਗਵਾਨ ਪ੍ਰਗਿੱਟੇ ਹੈ, ਰੋਗ ਸੀਤਲਾ ਆਦਿ ਨਸੈ ਹੈ।
ਕਾਮਾਦਿਕ ਜੋ ਅਸੁਰੀ ਸੰਪਤ, ਯੱਗਹੋਮ ਕੰਪਿਖਕਰ ਕੰਪਤ।
ਉਤਮ ਗੁਣ ਸੱਤਿਆਦਿਕ ਜੋ ਹੈ, ਬਾਵਨ ਕਹੀ ਵੇਦ ਰਿੱਗ ਮੇ ਹੈ।
ਸੋ ਅਵੱਸ਼ ਜਗ ਮਹਿ ਪ੍ਰਗਟੈ ਹੈ, ਹੋਮ ਯੱਗ ਬਿਧ ਵਤ ਜਬ ਥੇ ਹੈ।
(ਪੰ: ਪ੍ਰ: ਔਂ ੬)

## ਗੁਰੂ ਘਰ ਵਿਚ ਹੋਮ

(ਵਾ: ਮਾਝ ਮ: ੧) ਤਿਤੁ ਘਿਓ ਹੋਮ ਯਗ ਸਦ ਪੂਜਾ ਪਈਐ ਕਾਰਜ ਸੋਹੈ।
(ਭਾ: ਗੁ:) ਕੂੜ ਕਪਟ ਸਭ ਛਪਗਿਆ, ਸਭ ਸਚ ਵਰਤਾਰਾ ॥
ਫਿਰ ਯੱਗ ਹੋਮ ਠਹਰਾਇ ਕਰ, ਨਿਜ ਧਰਮ ਸੁਧਾਰਾ ॥

**ਉਪਦੇਸ਼ਕ ਚੀਫ ਖਾਲਸਾ ਦੀਵਾਨ**

ਯੱਗ, ਹੋਮ ਹੋਵਨਾ ਨਾ ਹਿੰਦ ਮੇ ਕੋਈ ਮੂਲ ਪਾਤਾ।
ਝੂਲਤੇ ਨਿਸ਼ਾਨ ਨਹੀ ਅਜ ਹਿੰਦਵਾਨ ਕੇ।
ਕਹਤ "ਹਰਨਾਮ ਸਿੰਘ" ਏਸ ਮੇ ਨ ਝੂਠ ਜਾਨੋਂ,
ਜੋ ਨਾ ਤੀਰ ਛੂਟਤੇ ਗੋਬਿੰਦ ਸਿੰਘ ਜੁਆਨ ਕੇ।



Sri Satguru Jagjit Singh Ji Elibrary NamdhariElibrary@gmail.com

ਭਾ: ਸੰਤੋਖ ਸਿੰਘ (ਸੂ: ਪ੍ਰਕਾਸ਼)

ਛਾਇ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ,
ਧਾਇ ਜਾਤੀ ਕੁਚਲਤਾ ਕਤੇਬਨ ਕੁਰਾਨ ਕੀ।
ਪਾਪ ਪ੍ਰਪੱਕ ਜਾਤੇ ਧਰਮ ਧਸਕ ਜਾਤੇ,
ਵਰਨ ਗਰਕ ਜਾਤੇ ਸਹਤ ਵਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਵੇਦ ਔ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤੀ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ।

## ਕੇਲਿਆਂ ਦੀ ਮਹੱਤਤਾ

ਗੁਰਮਤਿ ਅਨੰਦਾ ਤੋਂ ਪੂਰਬ ਵਰ-ਕੰਨਿਆਂ ਦੀ ਸ਼ਾਦੀ ਸਮੇਂ ਵੇਦੀ ਦੇ ਚਾਰ ਕੋਨਿਆਂ ਤੇ ਜੰਞ ਦੀ ਆਮਿਦ ਢੁਕਾਉ ਸਮੇਂ ਦਰਵਾਜ਼ਿਆਂ ਤੇ ਹਰੇ ਕੇਲਿਆਂ ਦੇ ਬੂਟੇ ਗੱਡਦੇ ਸਨ। ਇਹ ਸਿਲਸਿਲਾ ਬਹੁਤ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ ਅਤੇ ਸਜਾਵਟ ਲਈ ਤੋਰਣ-ਝੰਡੀਆਂ ਕਾਗਜ਼ਾਂ ਯਾ ਕਪੜੇ ਦੀਆਂ ਰੰਗ-ਬਰੰਗੀਆਂ ਲਾ ਕੇ ਮੰਡਪ ਦੀ ਸ਼ੋਭਾ ਵਧਾਈ ਜਾਂਦੀ ਹੈ, ਫੁੱਲਾਂ ਆਦਿ ਨਾਲ ਬਣਾ ਕੇ ਹਾਰ ਟੰਗੇ ਜਾਂਦੇ ਹਨ ਕਿਉਂਕਿ ਇਹ ਵਧਾਈ ਦਾ ਸੁੰਦਰ ਸੁਹਾਵਣਾ ਸਮੇਂ ਹੁੰਦਾ ਹੈ, ਇਸ ਪਰ ਇਕ ਕਬਿੱਤ ਕਵੀ ਪਦਮਾਕਰ ਦਾ ਲਿਖਿਆ ਮਿਲਦਾ ਹੈ, ਯਥਾ:—

ਆਜ ਦਿਨ ਕ੍ਹਾਨ ਆਗਮਨ ਕੇ ਵਧਾਏ ਸੁਣ,
ਛਾਏ ਮਘ ਫੂਲਨ ਸੁਹਾਏ ਥਲ ਥਲ ਕੇ।
ਕਹੈ 'ਪਦਮਾਕਰ' ਤਿਓਂ ਆਰਤੀ ਓਤਾਰਥੋ ਕੋ,
ਥਾਰਨ ਪੈ ਦੀਪ ਹੀਰਾ ਹਾਰ ਨ ਮੇ ਵਲ ਕੇ।
ਕੰਚਨ ਕੇ ਕਲਸ ਭਰਾਏ ਭੂਰ ਪੰਨਨ ਕੇ,
ਤਾਨੇ ਤੁੰਗ ਤੋਰਨ ਰਹਾਂ ਹੀ ਝਲਾ-ਝਲਕੇ।
ਪੌਰ ਕੇ ਦੁਆਰ ਤੇ ਲਗਾਏ ਕੇਲ ਮੰਦਰ ਲੈਂ,
ਪਦਮਨ ਪਾਵੜੇ ਪਸਾਰੇ ਮਖ ਮਲ ਕੇ।



Sri Satguru Jagjit Singh Ji Elibrary NamdhariElibrary@gmail.com

ਕੇਲੇ ਦੁਆਰ ਪਰ ਲੌਣ ਦਾ ਕੋਈ ਐਸਾ ਠੋਸ ਸਬੂਤ ਨਹੀਂ ਮਿਲਿਆ। ਐਸੇ ਹੀ ਵਿਦਵਾਨਾਂ ਦਾ ਮਤ ਹੈ ਕਿ ਕੇਲੇ ਵਿਚ ਗੰਢ ਨਹੀਂ ਹੁੰਦੀ ਅਤੇ ਏਹ ਹਮੇਸ਼ਾ ਹਰਾ ਰਹਿੰਦਾ ਹੈ, ਅਤੇ ਏਹੁ ਹਰ ਖੁਸ਼ੀ ਅਨੰਦ ਮੰਗਲਾਂ ਦੇ ਸਥਾਨਾਂ ਤੇ ਹੀ ਲਗਾਇਆ ਜਾਂਦਾ ਹੈ, ਇਸ ਦਾ ਭਾਵ ਹੈ ਕਿ ਇਸ ਤੋਂ ਪ੍ਰਾਣੀ ਨੂੰ ਏਹ ਸਿੱਖਿਆ ਮਿਲਦੀ ਹੈ ਕਿ ਜਿਵੇਂ ਕੇਲੇ ਵਿਚ ਗੰਢ ਨਹੀਂ, ਏਹ ਸਦਾ ਹਰਿਆ ਰਹਿੰਦਾ ਹੈ, ਤਿਵੇਂ ਹਰੇਕ ਪ੍ਰਾਣੀ ਨੂੰ ਚਾਹੀਦਾ ਹੈ ਕਿ ਉਹ ਜਦ ਵੀ ਐਸੇ ਅਸਥਾਨ ਤੇ ਪਧਾਰੇ ਤਾ ਆਪਣੇ ਹਿਰਦੇ (ਮਨ) ਵਿਚ ਖੁਸੀ ਦੀ ਹਰਿਆਵਲ ਧਾਰਨ ਕਰੇ ਅਤੇ ਕੇਲੇ ਵਿਚ ਗੰਢ ਨਹੀਂ–ਪ੍ਰਾਣੀ ਆਪਣੇ ਦਿਲਾਂ ਵਿਚੋਂ ਈਰਖਾ, ਦ੍ਵੈਸ਼ ਆਂਦੀ ਗੰਢਾਂ ਖੋਲ ਇਸ ਕੇਲ ਮੰਡਪ ਦੀ ਸੋਭਾ ਬੜ੍ਹਾਵੇ।

## ਸੁਫੈਦ ਚਿੱਟੇ ਕਪੜਿਆਂ ਦੇ ਗੁਣ

ਚਿੱਟੇ ਕਪੜੇ ਪਹਿਨਣੇ ਬਜੁਰਗੀ ਦੀ ਨਿਸ਼ਾਨੀ ਹੈ, ਪਰ ਹਿੱਕਮਤ ਦੇ ਗ੍ਰੰਥਾਂ ਅਨੁਸਾਰ ਇਸ ਦੇ ਪਹਿਨਣ ਨਾਲ ਕਈ ਸੁਖ ਵੀ ਪ੍ਰਾਪਤ ਹੁਦੇ ਹਨ। ਵੈਦਕ ਦੇ ਗ੍ਰੰਥ ਮੇਘ ਬਿਨੋਦ ਵਿਚ ਲਿਖਿਆ ਹੈ :—

ਸ੍ਵੇਤ ਬਸਨ ਪਿੱਤ ਕੋ ਜੀਤ, ਤ੍ਰਿਸ਼ਨਾ ਦਾਹਿ ਸਮੇਂ ਹਿੱਤ ਮੀਤ।
ਓਜ ਬ੍ਰਿਧ ਕਰ ਬੀਰਜ ਧਰੇ, ਸ੍ਵੇਤ ਬਸਨ ਏਤੇ ਗੁਣ ਕਰੇ।

ਭਾਵ—ਚਿਟੇ ਬਸਤ੍ਰ ਪਹਿਨਣ ਨਾਲ ਸਰੀਰ ਵਿਚੋਂ ਸੜਨ ਗਰਮੀ ਘਟਦੀ ਹੈ ਅਤੇ ਬਲ ਬੀਰਜ ਦਾ ਵਾਧਾ ਹੁੰਦਾ ਹੈ। ਆਮ ਧੁੱਪ ਗਰਮੀ ਵਿਚ ਵਸਣ ਵਾਲੇ ਲੋਕਾਂ ਦੇ ਪਹਿਰਾਵੇ ਸੁਫੈਦ ਹੀ ਪਾਏ ਜਾਂਦੇ ਹੰਨ। ਦਸਮ ਗ੍ਰੰਥ 'ਚ ਲਿਖਿਆ ਹੈ ਕਿ ਸਤਿਜੁਗ ਵਿਚ ਰਾਜੇ "ਬਲ" ਨੂੰ ਛਲਣ ਲਈ ਭਗਵਾਨ ਵਿਸ਼ਨੂੰ ਨੇ ਬਾਵਨ ਰੂਪ ਧਾਰ ਕੇ ਚਿਟੇ ਬਸਤ੍ਰ ਪਹਿਨੇ ਸਨ। ਯਥਾ—

ਸ੍ਵੇਤ ਬਸਨ ਸਤਿਜੁਗ ਧਰੇ ਪੀਤ ਬਸਨ ਤ੍ਰੇਤਾਹ,
ਪੀਤ ਬਸਨ ਪਟ ਸਿਆਮਤਨ, ਨਰ–ਨਾਹਨ ਕੇ ਨਾਹ।

**ਲਾਲ ਕਪੜੇ**—

ਉਸਨਦਾਹ ਮੰਜਿਸਟ ਕਰਾਵੈ। ਬਾਤ ਸਲੇਖਮ ਸਭ ਹਟ ਜਾਵੇ।

—ਮਜੀਠ ਰੰਗ ਦਾ ਕਪੜਾ ਦਾਹ ਗਰਮੀ ਸੜਨ ਪੈਦਾ ਕਰਦਾ ਹੈ।

ਮੈਂ ਇਕ ਨਾਟਕ T. V ਤੇ ਦੇਖਿਆ ਜਿਸ ਵਿਚ ਲੜਕੀ ਸਹੁਰੇ ਘਰੋਂ ਮਾਰ ਪੀਟ ਖਾ ਕੇ ਆਪਣੇ ਮਾਤਾ–ਪਿਤਾ ਘਰ ਆ ਜਾਂਦੀ ਹੈ, ਕਾਫੀ ਦਿਨ ਗੁਜਰ ਜਾਣ ਤੋਂ ਬੀ ਉਹ ਆਪਣੇ ਸਹੁਰੇ ਘਰ ਜਾਣ ਦਾ ਨਾਮ ਨਹੀਂ ਲੈਂਦੀ ਅਤੇ ਨਾਹੀ ਉਸ ਨੂੰ ਸਹੁਰੇ ਘਰੋਂ ਕੋਈ ਲੈਣ ਆਇਆ ਅਤੇ ਨਾ ਕੋਈ ਚਿੱਠੀ ਪੱਤ੍ਰ।

ਇਕ ਦਿਨ ਲੜਕੀ ਦੇ ਪਿਤਾ ਨੇ ਆਪਣੀ ਪਤਨੀ ਨੂੰ ਪੁਛਿਆ ਕਿ ਬੇਟੀ ਦੀ



Sri Satguru Jagjit Singh Ji Elibrary NamdhariElibrary@gmail.com

ਸਸੁਰਾਲ ਤੋਂ ਕੋਈ ਚਿਠੀ ਪੱਤ੍ ਨਹੀਂ । ਅਤੇ ਕੁੜੀ ਨੂੰ ਏਥੇ ਕਾਫੀ ਚਿਰ ਆਇਆ ਹੋ ਗਿਆ ਹੈ ਪਤੀ ਦੇ ਕਹਿਣ ਤੇ ਕੁੜੀ ਦੀ ਮਾਂ ਨੇ ਆਪਣੀ ਧੀ ਨੂੰ ਸਹੁਰੇ ਜਾਣ ਲਈ ਪੁਛਿਆ ਪਰ ਕੁੜੀ ਦਸਣ ਤੋਂ ਇਨਕਾਰ ਕਰਦੀ ਰਹੀ, ਅੰਤ ਮਾਤਾ ਦੇ ਬਾਰਿ-ਬਾਰਿ ਪੁੱਛਣ ਤੇ ਮਜਬੂਰ ਹੋਕਰ ਲੜਕੀ ਨੇ ਆਪਣਾ ਪਿੰਡਾ ਖੋਲ੍ਹ ਕੇ (ਜੋ ਇਸਦੇ ਪਤੀ ਦੁਆਰਾ ਜਲਦੀਆਂ ਸਿਗ੍ਰਟਾਂ ਲਾ ਲਾ ਕੇ ਸਾੜਿਆ ਪਿਆ ਸੀ) ਵਿਖਾਇਆ । ਮਾਂ ਨੇ ਦੁਖੀ ਹੋ ਆਪਣੇ ਪਤੀ ਨੂੰ ਸਾਰੀ ਗੱਲ ਬਾਤ ਦਸੀ ਅਤੇ ਏਹ ਗੱਲ ਕੁੜੀ ਦੇ ਭਰਾਵਾਂ ਕੋਲ ਵੀ ਪਹੁੰਚ ਗਈ । ਪਰ ਬਾਪ ਦਾ ਬਾਰ ਬਾਰ ਏਹੁ ਕਹਿਣਾ ਸੀ ਕਿ ਕੁੜੀ ਨੂੰ ਆਪਣੇ ਸਹੁਰੇ ਘਰ ਜਾਣਾ ਹੀ ਹੋਗਾ ਪਰ ਇਸ ਦੁਖ ਘਟਨਾ ਨੂੰ ਲੜਕੀ ਦੇ ਭਰਾ ਸੁਣ ਕੇ ਬੜੇ ਦੁਖੀ ਹੋਏ ਅਤੇ ਉਹਨਾਂ ਭੀ ਲੜਕੀ ਨੂੰ ਸਹੁਰੇ ਘਰ ਦੀ ਇਜਾਜ਼ਤ ਦੇਣੋਂ ਇਨਕਾਰ ਕੀਤਾ. ਪਰ ਲੜਕੀ ਦਾ ਪਿਤਾ ਬਾਰ ੨ ਆਪਣੇ ਹੱਠ ਧਰਮ ਨਾਲ ਬੇਟੀ ਨੂੰ ਸਹੁਰੇ ਭੇਜਣਾ ਹੀ ਚਾਹੁੰਦਾ ਸੀ ਕਿਉਂਕਿ ਉਸ ਨੇ ਆਪਣੀਆਂ ਨੋਂਹਾਂ ਦੀਆਂ ਗੱਲਾਂ ਸੁਣੀਆਂ ਸਨ, ਜੋ ਕੁੜੀ ਨੂੰ ਪਿਤਾ ਘਰ ਰੇਹਣਾ ਤੇ ਕੁੜ੍ਹਦੀਆਂ ਸਨ, ਅਤੇ ਬੁਰਾ ਭਲਾ ਵੀ ਕਈ ਵਾਰ ਕਹਿ ਦੇਂਦੀਆਂ, ਤਾਹਨੇ ਮਾਰਦੀਆਂ ਸਨ । ਇਸ ਲਈ ਉਸ ਨੇ ਸਭ ਨੂੰ ਪਰ੍ਹਾਂ ਝੰਜੋੜ ਕੇ ਬੇਟੀ ਰੋਂਦੀ ਕੁਰਲਾਂਦੀ ਨੂੰ ਸਹੁਰੇ ਘਰ ਤੋਰ ਦਿਤਾ, ਨਤੀਜਾ ਕੀ ਹੋਇਆ ਕਿ ਬੇਟੀ ਆਪਣੀ ਰਖੇਲ ਸੌਂਕਣ ਤੋਂ ਦੁਖੀ ਹੋ ਕੇ ਆਤਮ ਹੱਤਿਆ ਕਰ ਲਈ ।

**ਪਿਤਾ ਦੀ ਬੇ-ਸਮਝੀ ਨੇ ਬੱਚੀ ਦੀ ਜਾਨ ਲਈ ।**

ਜਦ ਬੇਟੀ ਨੇ ਆਪਣੀ ਮਾਤਾ ਨੂੰ ਇਸ ਦੇ ਜੁਆਈ ਦੀਆਂ ਕਰਤੂਤਾਂ ਤੋਂ ਜਾਣੂ ਕਰਾ ਦਿਤਾ ਸੀ ਤਾਂ ਪਿਤਾਂ ਨੂੰ ਐਨਾ ਹੱਠ ਨਹੀਂ ਕਰਨਾ ਚਾਹੀਦਾ ਸੀ, ਪਿਤਾ ਨੇ ਕੁੜੀ ਦੇ ਭਰਾਵਾਂ ਦੀ ਵੀ ਇਕ ਨਾ ਸੁਣੀ । ਇਸ ਝਗੜੇ ਵਿਚ ਕੁੜੀ ਦਾ ਭਰਾ ਘਰ ਛੱਡ ਕਿਤੇ ਹੋਰ ਥਾਂ ਚਲੇ ਗਿਆ ਸੀ । ਜਦ ਇਸ ਨੇ ਆਪਣੀ ਭੈਣ ਮੋਈ ਹੋਈ ਦੀ ਫੋਟੋ ਛੱਪੀ ਦੀ ਖਬਰ ਅਖਬਾਰ ਵਿਚ ਦੇਖੀ ਤਾਂ ਆਪਣੇ ਬਾਪ ਅਗੇ ਆ ਕੇ ਹੰਝੂ ਭਰ ਰੋਇਆ ! ਫਿਰ ਕੀ ਹੋ ਸਕਦਾ ਸੀ ?

"ਅਬ ਪਛਤਾਏ ਕਿਆ ਹੋਤ, ਜਬ ਚਿੜੀਆ ਚੁਗ ਗਈ ਖੇਤ"

ਜਦ ਮਾਂ, ਬਾਪ ਆਪਣੀ ਬੱਚੀ ਦੀ ਹਾਲਤ ਜੁਆਈ ਵਲੋਂ ਇਸ ਤਰ੍ਹਾਂ ਗੰਦੀ ਦੇਖ ਚੁਕੇ ਸਨ ਅਤੇ ਲੜਕੀ ਬਾਰ ੨ ਇਨਕਾਰ ਕਰ ਰਹੀ ਸੀ । ਤਦ ਮਾਂ ਬਾਪ ਨੂੰ ਇਸ ਮਾਮਲੇ ਦੀ ਛਾਨ-ਬੀਨ ਕਰਨੀ ਚਾਹੀਦੀ ਸੀ, ਜੇ ਇਨ੍ਹਾਂ ਦੇ ਬਸ ਤੋਂ ਬਾਹਰ ਗੱਲ ਸੀ ਤਾਂ ਪੰਚ ਰਾਹੀਂ ਇਸ ਅਨਿਆਏ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਸਨ, ਜੇ ਪੰਚ ਵੀ ਇਹ ਫੈਸਲਾ ਕਰਨੋਂ ਅਸਮਰੱਥ ਹੋ ਜਾਂਦਾ ਤਾਂ ਕੋਟ ਦੇ ਦਰਵਾਜ਼ੇ ਦਾ ਸਹਾਰਾ ਲੈ ਕੇ ਸਹੁਰੇ ਘਰ ਨਾਲੋਂ ਛੁੱਟਾ ਛੇੜਾ ਕਰਾ ਲੈਂਦੇ, ਤੇ ਲੜਕੀ ਨੂੰ ਕਿਸੇ ਹੋਰ ਲੋੜਵੰਦ ਲਾੜੇ ਨਾਲ ਗਠਬੰਧਨ ਕਰ ਦਿੰਦੇ । ਕਿਉਂ ਲੜਕੀਆਂ ਤਾਂ ਇਕ ਕਵੀ ਨੇ ਲਿਖਿਆ ਹੈ ਕਿ—"ਧੀਆਂ ਗਊਆਂ ਕਾਮਿਆਂ ਦਾ ਚੋਰ ਕੀ ਹੈ, ਸਦੋ ਰਾਮਾ

ਜਦੋਂ ਚਿੱਤ ਕਰੇ ਤਦੋਂ ਦੀਜੀਏ ਨਿਕਾਲ ਜੀ ।"



Sri Satguru Jagjit Singh Ji Elibrary NamdhariElibrary@gmail.com

ਇਕ ਹੋਰ ਕਿਸਾ ਸਾਹਮਣੇ ਆਇਆ ਹੈ ਇਕ ਲੜਕੀ ਦੀ ਸ਼ਾਦੀ ਹੋਈ ਨੂੰ ਕਈ ਸਾਲ ਹੋ ਗਏ, ਅਤੇ ਇਸ ਦੇ ਦੋ ਲੜਕੇ ਵੀ ਹੋਏ ਜੋ ਮੌਜੂਦ ਹਨ। ਲੜਕੀ ਦਾ ਪਤੀ ਪ੍ਰਦੇਸ ਚੋਂ ਧਨ ਕਮਾ ਲਿਆਇਆ, ਅਤੇ ਇਹ ਸ਼ਰਾਬ ਦੇ ਨਸ਼ੇ ਵਿਚ ਹਰ ਵੇਲੇ ਚੂਰ ਰਹਿੰਦਾ ਸੀ, ਤੇ ਇਸ ਦੇ ਚਾਚੇ ਦੀ ਪਤਨੀ ਜੋ ਹਾਲੇ ਜੁਆਨ ਬਦਚਲਿਨ ਸੀ, ਨਾਲ ਇਸ ਦਾ ਸਬੰਧ ਹੋ ਗਿਆ ਸੀ ਇਕ ਦਿਨ ਵਿਵਾਹਿਤਾਂ ਲੜਕੀ ਨੇ ਇਨ੍ਹਾਂ ਦੋਨਾਂ ਨੂੰ ਹਮਬਿਸਤ੍ਰ ਹੋਇਆ ਦੇਖ ਲਿਆ, ਅਤੇ ਓਨ੍ਹਾ ਵੀ ਇਸ ਲੜਕੀ ਨੂੰ ਦੇਖ ਲਿਆ, ਤੇ ਉਸ ਨਸ਼ਈ ਪਤੀ ਨੇ ਗੁੱਸੇ ਵਿਚ ਉਸ ਆਪਣੀ ਪਤਨੀ ਦਾ ਗਲਾ ਘੁੱਟ ਕੇ ਮਾਰ ਦਿਤਾ, ਤੇ ਉਸ ਨੂੰ ਝਟ ਪਟ ਸ਼ਮਸ਼ਾਨ ਤੇ ਲਿਜਾਣ ਦਾ ਪ੍ਰਬੰਧ ਕਰਿ ਲਿਆ ਪਰ :

ਇਸ਼ਕ, ਮੁਸ਼ਕ, ਖਾਂਸੀ, ਖੁਰਕ, ਖ਼ੂਨ, ਸ਼ੇਰ, ਮਧਪਾਨ।
ਸਾਤ ਛੁਪਾਏ ਨਾ ਛਪੇ, ਪ੍ਰਗਿਟ ਹੋਹੈ ਜਹਾਨ।"

(ਚਰਿਤ੍ਰ-ਦਸਮ ਗ੍ਰੰਥ)

ਪਿੰਡ ਦੇ ਲੋਕਾਂ ਨੂੰ ਇਸ ਗਲ ਦੀ ਸੂਹ ਲਗ ਗਈ ਕਿਉਂਕਿ ਉਹਨਾਂ ਸਾਹਮਣੇ ਲੜਕੀ ਕੋਈ ਬੀਮਾਰ ਨਹੀਂ ਸੀ ਪੜੋਸ ਨੂੰ ਇਨ੍ਹਾਂ ਗੱਲਾਂ ਦਾ ਬਹੁਤ ਪਤਾ ਹੁੰਦਾ ਹੈ, ਕੰਨੋਂ ਸੰਨੀ ਗੱਲਾਂ ਨਾਲ ਪਿੰਡ ਵਾਲਿਆਂ ਝੱਟ ਪੁਲੀਸ ਨੂੰ ਖਬਰ ਕਰ ਦਿਤੀ। ਖ਼ੂਨੀ ਨੇ ਪੋਲੀਸ ਨੂੰ ਪੈਸਿਆ ਦਾ ਲਾਲਚ ਦਿਖਾਇਆ। ਕਿਤਨੇ ਰੁਪਏ ਲੋਕਾਂ ਦੇ ਹੱਥੀਂ ਬ੍ਰਬਾਦ ਵੀ ਹੋਏ ਪਰ ਪੁਲੀਸ ਨੇ ਇਸ ਦੇ ਅਤੇ ਇਸ ਦੀ ਚਾਚੀ ਵਿਰੁੱਧ ਕੁੜੀ ਨੂੰ ਮਾਰਨ ਦਾ ਕੇਸ ਦਰਜ ਕਰਿ ਦਿਤਾ, ਅੰਤ ਰਜ਼ਲਟ ਕੀ ਹੋਇਆ ਚਾਚੀ ਨੇ ਭਤੀਜੇ ਖਾਵਿੰਦ ਨੂੰ ਵੀ ਕਿਸੇ ਢੰਗ ਮਰਵਾ ਦਿਤਾ, ਘਰ ਬ੍ਰਬਾਦ ਹੋ ਗਿਆ ਨਨ੍ਹੇ ਬੱਚੇ ਦਰ ਦਰ ਦੇ ਭਿਖਾਰੀ ਹੋ ਗਏ। ਏਹ ਸ਼ਰਾਬ ਪੀਣ ਨਾਲ ਵਿੱਭਚਾਰ ਦਾ ਨਤੀਜਾ ਸਾਹਮਣੇ ਹੈ। ਏਹ ਵਾਰਤਾ ਇਕ ਅਖਬਾਰ ਦੇ ਕਾਲਮ ਤੇ ਮਿਲੀ ਸੀ।

## ਜਗਤ ਮ੍ਰਯਾਦਾ ਦਾ ਵਧਾਨ

ਸਾਰਾ ਬ੍ਰਹਿਮੰਡ ਅਕਾਲ ਪੁਰਖ ਦੀ ਰਚਨਾ ਹੈ, ਜਿਸਦੇ ਪਾਰਾਵਾਰ ਦੀ ਵੀ ਕਿਸੇ ਵਡੇ ਤੋ ਵਡੇ ਨੂੰ ਵੀ ਹਾਥ ਨਹੀਂ। ਗੁਰੂ ਨਾਨਕ ਦੇਵ ਜੀ ਨੇ ਧਰਤੀ ਹੋਰ ਪਰੇ ਤੇ ਹੋਰ ਅਤੇ ਲੱਖ ਪਤਾਲਾਂ ਪਤਾਲ, ਲਖੁ ਆਗਾਸਾਂ ਅਗਾਸ ਆਖਿਆ ਹੈ। ਮਹਾਪੁਰਖ ਬ੍ਰਹਮ ਗਿਆਨੀ ਜਿਨ੍ਹਾਂ ਦੇ ਪ੍ਰਮਾਤਮਾ ਸਦਾ ਅੰਗ ਸੰਗ ਰਹਿੰਦਾ ਹੈ। ਉਨ੍ਹਾਂ ਇਸ ਬ੍ਰਹੰਮੰਡ ਨੂੰ ਵਖੋ ਵਖਰੇ ਹਿੱਸਿਆ 'ਚ ਵੰਡ ਕੇ ਜਗਤ ਵਿਧਾਨ ਕਾਇਮ ਕੀਤਾ, ਤਾਂਕੇ ਕੁਦਰਤ ਦੇ ਨਿਯਮਾਂ ਦਾ ਸਹੀ ਗਿਆਨ ਪ੍ਰਾਪਤ ਹੋ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ੧ ਓਅੰਕਾਰ ਦਾ ਉਚਾਰਣ ਅਤੇ ਭਾਵ ਇਸ ਪ੍ਰਕਾਰ ਪ੍ਰਗਟ ਕੀਤਾ ਹੈ ਕਿ ਉਹ ਅਕਾਲ ਪੁਰਖ ਇਕ ਹੈ ਸੁਤੇ ਪ੍ਰਕਾਸ਼ ਭਾਵ ਉਹ ਸ੍ਵੈ ਭੰ, ਆਪਣੇ ਆਪ ਹੀ ਉਸਦੀ ਹੋਂਦ ਹੈ, ਕੋਈ



Sri Satguru Jagjit Singh Ji Elibrary NamdhariElibrary@gmail.com

ਤ੍ਰੈਸਨੂੰ ਸਾਜਣ ਹਾਰ ਹੋਰ ਨਹੀਂ। ਇਸ ਇੱਕ ਨੇ ਆਪਣੇ ਫੁਰਨੇ ਨਾਲ ਤਿੰਨ ਗੁਣ, ਰਜੋ, ਸਤੋ, ਤਮੋ ਅਰਥਾਤ ਬ੍ਰਹਮਾ, ਵਿਸ਼ਨੂ, ਮਹੇਸ਼ ਪ੍ਰਗਟ ਕੀਤੇ ਜਿਨ੍ਹਾਂ ਨੂੰ ਪ੍ਰਕਿਰਤੀ ਦੇ ਤਿੰਨ ਵਖੋ ਵਖਰੇ ਰੂਪ ਦਿਤੇ ਹਨ। ਜਪਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ :—"ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪ੍ਰਵਾਣ ਇਕ ਸੰਸਾਰੀ ਇਕ ਭੰਡਾਰੀ (ਤੇ) ਇਕ ਲਾਏ ਦੀਬਾਣ ॥" ਭਾਵ ਬ੍ਰਹਮ, ਸਤੋਗੁਣੀ ਸੰਸਾਰ ਉਤਪਤਿ, ਵਿਸ਼ਨੂ, ਰਜੋਗੁਣੀ ਰੋਜ਼ੀ (ਭੰਡਾਰੀ) ਦੇਣ ਵਾਲਾ, ਅਤੇ ਮਹੇਸ਼ ਪ੍ਰਾਣੀ ਆਂਦਾ (ਰੁੱਦ੍ਰ ਰੂਪ ਹੋਕੇ) ਸੰਘਾਰ ਕਰਨ ਵਾਲਾ।

ਬ੍ਰਹਮ ਨੇ ਜਗਤ ਦੀ ਸਹੀ ਮ੍ਰਯਾਦਾ ਕਾਇਮ ਰਖਣ ਲਈ ਚਾਰ ਵੇਦਾਂ (ਗਿਯਾਨਾਂ) ਦੀ ਰਚਨਾ ਕੀਤੀ। ਇਨ੍ਹਾਂ ਨੂੰ ਹੀ ਬ੍ਰਹਮਾ ਦੇ ਚਾਰਮੂੰਹ ਆਖਿਆ ਹੈ, ਇਹੀ ਇਕ ਜਗਤ ਵਿਧਾਨ ਨੂੰ ਸਹੀ ਰਖਣ ਲਈ ਉਪਯੋਗੀ ਮੰਨੇ ਗਏ ਨੇ। ਉਪ੍ਰੰਤ ਇਨ੍ਹਾਂ ਚੌਹ ਵੇਦਾਂ ਤੋਂ ਹੋਰ ਚਾਰ ਉਪ-ਵੇਦ ਬਣਾਏ। (੧) ਆਯੁਰ, (ਹਿਕਮਤ) ਧਾਨੁਰ (ਸਾਸਤ੍ਰਵਿਦਿਆ) ਗੰਧ੍ਰਬ (ਸੰਗੀਤਵਿਦਿਆ) ਅਤੇ ਅਰਥ ਸਾਸਤ੍ਰ ਆਦਿ। "ਚਾਰੇ ਦੀਵੇ ਚਹੁ ਹਥ ਦੀਏ ਏਕਾ ਏਕੀ ਵਾਰੀ (ਬਸੰਤ ਮਾ: ਮ: ੧)

ਵਿਦਵਾਨਾਂ ਨੇ ਚਉਰਾਸੀ ਲਾਖ ਜੂਨਾਂ ਲਿਖੀਆਂ ਹਨ ਪਰ ਏਹ ਚਾਰ ਹਿੱਸਿਆ ਵਿਚ ਇਸ ਤਰ੍ਹਾਂ ਵੰਡੀਆਂ ਹਨ—"ਅੰਡਜ" (ਅੰਡਿਆਂ 'ਚੋਂ) "ਜੇਰਜ" (ਜੇਰ ਤੋਂ) "ਸੇਤਜ" (ਪਸੀਨੇ ਤੋਂ) "ਉਤਭੁਜ" ਘਾ, ਬੂਟੇ ਆਦਿ। ਜੜ੍ਹ ਪਦਾਰਥ। ਇਨ੍ਹਾਂ ਵਿਚੋਂ ਮਨੁੱਖ ਜੋਨੀ ਉਤਮ ਕਹੀ ਹੈ। ਭਾ: ਗੁ: ਜੀ ਨੇ ਲਿਖਿਆ ਹੈ "ਚਉਰਾਸੀ ਲਾਖ ਜੂਨ ਵਿਚ ਉਤਮ ਜਨਮ ਸੁ ਮਾਨਸ ਦੇਹੀ ਹੈ" ਅਤੇ ਇਸ ਲਈ ਹੀ ਸਾਰਾ ਵਿਧਾਨ ਵੰਡਦਾ ਗਿਆਨ ਹੈ ਅਤੇ ਗਿਆਨ ਦੇ ਪ੍ਰਕਾਸ਼ ਲਈ ਚਾਰ ਅਵਿਸਥਾਵਾਂ, "ਜਾਗ੍ਰਿਤ", 'ਸੁਪਨ", ਸਖੋਪਤੀ, ਤੁਰੀਆ' ਕਾਇਮ ਕੀਤੀਆਂ, ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਧਿਆਨ ਵੀ ਚਾਰ ਹੀ ਦਸੇ—"ਨਾਭੀ", ਦਾ, ਹਿਰਦੇ ਦਾ, ਕੰਠ ਦਾ ਅਤੇ ਚੌਥਾ ਤ੍ਰਿਕੁਟੀ ਤੁਰੀਆ ਪਦ ਪ੍ਰਾਪਤੀ ਦਾ। ਅਤੇ ਇਸ ਨੂੰ ਤੱਤ ਪਹਚੋਣ ਲਈ। ਚਹੁੰ ਆਸ੍ਰਮਾਂ (ਘਰਾਂ) ਦੀ ਵਿਉਂਤ ਦਸੀ। ਬ੍ਰਹਮਚਰਯ, ਗ੍ਰਿਹਸਤ, ਬਾਨਪ੍ਰਸਥ, ਅਤੇ ਸੰਨਿਆਸਾਂ। ਅਤੇ ਮਨੁੱਖਾਂ ਦੇ ਗੁਣ ਪ੍ਰਖਣ ਹਿੱਤ ਚਾਰ ਕੁਲਾਂ, ਬ੍ਰਹਮਣ, ਖੱਤ੍ਰੀ, ਸੂਦ੍ਰ ਅਤੇ ਵੈਸ਼ ਦੱਸੇ ਅਤੇ ਜੀਵਾਂ ਦੇ ਦੁਖਾਂ ਆਦਿ ਦੀ ਨਵਿਰਤੀ ਲਈ ਚਾਰ ਰੁੱਤਾਂ ਗਰਮੀ, ਸਰਦੀ, ਬ੍ਰਸਾਤ ਅਤੇ ਬਸੰਤ ਬਣਾਏ। ਕੁਦਰਤੀ ਨਿਯਮ ਲਾਗੂ ਕੀਤਾ। ਪ੍ਰਾਣੀ ਦੇ ਸੁਭਾਉ ਵਿਚ ਤਬਦੀਲੀਆਂ ਲਿਉਣ ਲਈ, ਚਾਰ ਅਗਨੀਆਂ ਦਾ ਗਿਆਨ ਕਰਾਇਆ—ਹਿੰਸਾ, ਮੋਹ, ਲੋਭ ਅਤੇ ਕ੍ਰੋਧ, ਇਨ੍ਹਾਂ ਕਰਕੇ ਹੀ ਪ੍ਰਾਣੀ ਆਪਣੀ ਸੁਭ ਕਿਰਆਦਾ ਦੁਰਉਪਯੋਗ ਕਰ ਬੈਠਦਾ ਤੇ ਸਹੀ ਮਾਰਗ ਤੋਂ ਡਿੱਗ ਪੈਂਦਾ ਹੈ। ਇਸ ਲਈ ਸੁਭ ਗੁਣਾਂ ਵਿਚ ਪ੍ਰਵੇਸ਼ ਕਰਨ ਹਿਤ



Sri Satguru Jagjit Singh Ji Elibrary NamdhariElibrary@gmail.com

ਚਾਰ ਗਿਆਨ ਧਰਮ, ਅਰਥ, ਕਾਮ, ਮੋਖ ਦਾ ਉਪਦੇਸ਼ ਦਿਤਾ, ਪ੍ਰੰਤੂ ਇਹ ਕਿਸੇ ਭਾਗਾਂ ਵਾਲੇ ਦੇ ਹਿੱਸੇ ਹੀ ਆ ਸਕਦਾ ਹੈ। ਯਥਾ—

ਚਾਰ ਪਦਾਰਥ ਹੈ ਜਗ ਮਾਹੀ। ਕਰਮ ਹੀਣ ਨਰ ਪਾਵਤ ਨਾਹੀਂ ॥ (ਤੁ. ਰਮੈਣ) ਪਰ ਇਨ੍ਹਾਂ ਨੂੰ ਪ੍ਰਾਪਤ ਕਰਨ ਦਾ ਵਸੀਲਾ ਗੁਰੂ ਘਰ ਵਿਚੋਂ ਮਿਲ ਸਕਦਾ ਹੈ ਉਦਾਹਰਣ—

ਚਾਰਿ ਪਦਾਰਥ ਜੇ ਕੋ ਮਾਂਗੈ। ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖ ਮਿਟਾਵੈ। ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ। ਸਾਧ ਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਣ ਤੇ ਡਰੈ। ਸਾਧ ਜਨਾ ਕੀ ਸਰਣੀ ਪਰੈ ॥

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾਕੈ ਬਲਿ ਬਲਿ ਜਾਸਾ ॥ (ਸੁਖਮਨੀ)

ਮਨੁਖ ਨੂੰ ਭੈਜ ਦੇਣ ਹਿੱਤ ਤਾਕੇ ਪ੍ਰਾਣੀ ਮੰਦੇ ਕਰਮਾਂ ਤੋਂ ਬਚ ਸਕੇ, ਚਾਰ ਫਰਿਸ਼ਤਿਆਂ ਜਮਦੂਤਾਂ ਦਾ ਡਰ ਦਿਤਾ: (੧) ਅਜਰਾਈਲ, (੨) ਜਬਰਾਈਲ, (੩) ਅਸਰਾਫੀਲ, (੪) ਮੇਕਾਈਲ, ਮੁਸਲਮਾਨੀ ਕਤਾਬਾਂ ਵਿਚ ਅਜਰਾਈਲ ਨੂੰ ਮਨੁਖ ਦੀ ਜਿੰਦ ਕਢਣ ਵਾਲਾ ਲਿਖਿਆ ਹੈ (ਤਲੰਗ ਮ: ੧) ਪਹਿਲਾ ਵਿਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ :—

ਜਬ ਅਜਰਾਈਲ ਬਸਤਨੀ ਤਬ ਚਿਕਾਰੇ ਬਿਦਾਏ ॥

ਭਾਵ—ਹੇ ਬੰਦੇ ! ਜਦ ਤੈਨੂੰ ਅਜਰਾਈਲ ਬੰਨ੍ਹ ਲਏਗ ਤਾਂ ਤੂੰ ਕਿਸ ਦੇ ਸਹਾਰੇ ਛੁਟੇਂਗਾ। ਅਗਲੀ ਤੁਕ ਹੈ :—

"ਅਜਰਾਈਲ ਯਾਰ ਬੰਦੇ ਜਿਸ ਤੇਰਾ ਆਧਾਰ ॥"

ਭਾਵ—ਅਜਰਾਈਲ ਉਸਦਾ ਮਿੱਤ੍ਰ ਹੈ ਜਿਸਦੇ ਹਿਰਦੇ ਵਿਚ ਅਕਾਲ ਪੁਰਖ ਦਾ ਵਾਸਾ ਹੈ।

ਮਨੁਖ ਨੇ ਜੋ ਸ਼ੁਭ-ਅਸ਼ੁਭ ਕੰਮ ਕਰਨੇ ਹਨ ਉਸ ਲਈ ਚਾਰ ਪਹਿਰ ਦਾ ਦਿਨ ਤੇ ਚਾਰ, ਪਹਿਰ ਦੀ ਰਾਤ ਬਣਾਈ ਅਤੇ ਪ੍ਰਕ੍ਰਿਤੀ ਦਾ ਸੁਭਾਉ ਜਾਨਣ ਲਈ ਚਾਰ ਜੁਗਿ-ਸਤਿ ਜੁਗਿ ਤ੍ਰੇਤਾ, ਦੁਵਾਪਰ ਅਤੇ ਕਲਯੁਗ ਦਾ ਗਿਆਨ ਕਰਾਇਆ ਅਤੇ ਪ੍ਰਾਣੀ ਨੂੰ ਧਰਮ ਦੇ ਚਾਰ ਪੈਰ ਦਸਕੇ ਮ੍ਰਯਾਦਾ 'ਚ ਰਹਿਣ ਦਾ ਉਪਦੇਸ਼ ਦਿਤਾ ਜੋ ਦੈਯਾ, ਸਤਿ, ਦਾਨ ਅਤੇ ਇਸਨਾਨ ਦਸੇ (ਸੋਰਠ ਮ: ੫) "ਕਰ ਇਸਨਾਨ ਸਿਮਰੁ ਪ੍ਰਭੁ ਆਪਨਾ, ਮਨੁ ਤਨੁ ਭਏ ਅਰੋਗਾ।



Sri Satguru Jagjit Singh Ji Elibrary NamdhariElibrary@gmail.com

ਮਹਾਂਪੁਰਸ਼ਾਂ ਦਾ ਅਵਿਤਾਰ ਬਿਗੜੀ ਮ੍ਰਯਾਦਾ ਨੂੰ ਸਹੀ ਕਰਨ ਲਈ ਹੁੰਦਾ ਹੈ। ਕਿਉਂਕਿ ਸਾਰੇ ਬ੍ਰਹਿਮੰਡ ਦੀ ਕਾਰਵਾਈ-ਸਿਲਸਿਲਾ ਮ੍ਰਯਾਦਾ ਵਿਚ ਚਲਦਾ ਹੈ, ਵਿਦਵਾਨਾਂ ਦਾ ਅਨੁਭਵ ਹੈ ਕਿ ਜਦ ਕਿਸੇ ਵੀ ਕੌਮ, ਪੰਥ, ਦੇਸ਼ ਦੀ ਮ੍ਰਯਾਦਾ ਖਤਮ ਹੋ ਜਾਂਦੀ ਹੈ ਤਦ ਭਿਆਨਿਕ ਸਮਾਂ ਹੁੰਦਾ ਹੈ ਜਿਸ ਤੇ ਦੂਜਿਆਂ ਦੇ ਹੱਕ ਛੀਨੇ ਜਾਂਦੇ ਹਨ। ਭਾ: ਗੁ: ਦੇ ਇਸ ਕਥਨਾਨੁਸਾਰ "ਕੋਈ ਕਿਸੇ ਨ ਵਰਜਈ ਸੋਈ ਕਰੇ ਜੋਈ ਮਨ ਭਾਏ।" ਤ੍ਰੇਤੇ ਵਿਚ ਸ੍ਰੀ ਰਾਮ ਚੰਦ, ਜੀ ਨੇ ਮ੍ਰਯਾਦਾ ਰਖਣ ਹਿੱਤ ਹੀ ਸੁਗ੍ਰੀਵ ਦੇ ਵਡੇ ਭਰਾ ਬਾਲੀ ਨੂੰ ਮਾਰਿਆ ਸੀ। ਰੁਮੈਣ ਦਾ ਲੇਖ ਹੈ :—

ਬਾਲੀ ਨੇ ਕਿਹਾ :—ਕਾਰਣ ਕੌਣ ਨਾਥ ਮੁਹਿ ਮਾਰਾ, ਮੈਂ ਵੈਰੀ ਸੁਗ੍ਰੀਵ ਪਿਆਰਾ ?

ਸ੍ਰੀ ਰਾਮ ਜੀ ਦਾ ਉਤ੍ਰ ਸੀ :—ਅਨੁਜ ਬਧੂ ਭਗਨੀ, ਸੁਤ ਨਾਰੀ, ਸੁਣ ਸੱਠ ਏਹ ਕੰਨਯਾ ਸਮਚਾਰੀ ਇਨਹੇਕੁ ਨਜਰ ਬਿਲੋਕਹੀ ਜੋਈ ਤਾਂਹਿ ਹਤੇ ਕਛੂ ਪਾਪ ਨਾ ਹੋਈ।

ਭਾਵ—ਛੋਟੇ ਭਰਾ ਦੀ ਇਸਤ੍ਰੀ—ਭੈਣ, ਪੁੱਤ੍ਰ ਦੀ ਇਸਤ੍ਰੀ ਅਤੇ ਕੰਨਯਾ, ਇਹ ਸਭੇ ਲੜਕੀ ਸਮਾਨ ਹੁੰਦੀਆਂ ਹਨ ਤੇ ਐਸੇ ਕੁਕਰਮੀ ਆਦਮੀ ਨੂੰ ਮਾਰ ਦੇਣਾ ਸ਼ਾਸਤ੍ਰਾਂ ਵਿਚ ਦੋਸ਼ ਨਹੀਂ ਲਿਖਿਆ। ਮਹਾਂਭਾਰਤ ਵਿਚ ਅਰਜੁਣ-ਕਰਨ ਯੁੱਧ ਵੇਲੇ ਜਦ ਕਰਣ ਬਿਪਤਾ ਵਿਚ ਫਸ ਗਿਆ ਸੀ ਤਾਂ ਕ੍ਰਿਸ਼ਨ ਨੇ ਅਰਜੁਣ ਨੂੰ ਕਿਹਾ ਹੁਣ ਇਸ ਨੂੰ ਮਾਰ ਦੇ ਤਾਂ ਕਰਣ ਨੇ ਕਿਹਾ ਕਿ ਬਿਪਤਾ ਵਿਚ ਫਸੇ ਨੂੰ ਮਾਰਨਾ ਧਰਮ ਨਹੀਂ। ਕ੍ਰਿਸ਼ਨ ਦਾ ਉਤ੍ਰ ਸੀ ਕਿ ਜਦ ਸਭਾ ਵਿਚ ਦ੍ਰੋਪਦੀ ਨੂੰ ਨੰਗਾ ਕੀਤਾ ਜਾ ਰਿਹਾ ਸੀ ਔਰ ਤੂੰ ਵੇਖ ਰਿਹਾ ਸੀ ਕੀ ਉਹ ਧਰਮ ਸੀ ? ਇਸ ਲਈ ਅਧਰਮੀ ਨੂੰ ਮਾਰਨਾ ਉਚਿਤ ਹੈ।

## ਸਰਬੰਸਦਾਨੀ ਗੁਰੂ ਦਸ਼ਮੇਸ਼

ਸਰਬੰਸਦਾਨੀ ਗੁਰੂ ਦਸਮੇਸ਼ ਜੀ ਨੇ ਪੰਥ ਖਾਲਸਾ ਦੀ ਮ੍ਰਯਾਦਾ ਕਾਇਮ ਰਖਣ ਖਾਤਰ ਹੀ ਸਰਬੰਸ ਬਲੀਦਾਨ ਕੀਤਾ ਸੀ ਜਦ ਮਾਤਾ ਸੁੰਦਰੀ ਆਪਣੇ ਪਤੀ ਗੁਰੂ ਦੇਵ ਜੀ ਨੂੰ **ਦਮਦਮੇ** ਮਿਲੀ ਸੀ। ਤਦ ਉਸਨੇ ਆਪਣੇ ਪ੍ਰਵਾਰ ਦਾ ਹਾਲ ਪੁਛਦੀ ਨੇ ਕਿਹਾ ਸੀ, ਪਤੀ ਜੀ ! "ਕਿੱਥੇ ਮਾਤ ਪਿਆਰੀ ਕਿੱਥੇ ਲਾਲ ਚਾਰੇ ਕਿਥੇ ਬਾਜ ਘੋੜਾ ਵਾਂਗਾਂ ਮੋੜਿ ਆਇਓ।" ਗੁਰੂ ਜੀ ਦਾ ਉਤ੍ਰ ਸੀ :—ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ (ਪਰ) ਜੀਵਤ ਕਈ ਹਜ਼ਾਰ। ਅਤੇ–ਸੀਗਾ ਕਉਣ ਤੇਰਾ ਅਤੇ ਕਉਣ ਮੇਰਾ ਜਿਸ ਦੀ ਵਸਤ ਉਸ ਪਾਸ ਪੁਚਾ ਆਇਓ। ਕੀ ਹੋਇਆ ਜੇ ਧਰਮ ਦੀ ਆਣ ਬਦਲੇ ਚਾਰੇ ਲਾਲ ਆਪਣੇ ਅਸੀਂ ਵਾਰ ਬੈਠੇ। ਭਾਗਾਂ ਵਾਲੀਏ ਮਾਰਕੇ ਨਜ਼ਰ ਤਕਲੈ ਤੇਰੀ-ਗੋਦ ਵਿਚ ਕਈ ਹਜ਼ਾਰ ਬੈਠੇ।" (ਇਕ ਸੁਘੜ ਕਵੀ)

ਉਪ੍ਰੋਕਤ ਵਿਧਾਨ ਵੰਡ ਅਨੁਸਾਰ ਹੀ ਗੁਰੂ ਰਾਮਦਾਸ ਪਾ: ੪ਥੀ ਨੇ ਜੀਵ ਦੀਆਂ ਚੌਂਹ ਅਵਸਥਾਵਾਂ ਨੂੰ ਯਥਾਰਥ ਗਿਆਨ ਦੇਣ ਹਿਤ ਹੀ ਸੂਹੀ ਰਾਗ ਵਿਚ ਚਾਰ ਲਾਵਾਂ ਭਾਵ—ਚੌਹੁ ਉਪਦੇਸ਼ਾਂ ਦੀ ਰਚਨਾ ਕੀਤੀ।



Sri Satguru Jagjit Singh Ji Elibrary NamdhariElibrary@gmail.com

**ਉਦਾਹਰਨ — ਭਾਵ ਅਰਥਾਂ ਸਮੇਤ**

**(੧) ਪਹਿਲੀ ਲਾਵ—**

**ਹਰਿ ਪਹਿਲੜੀ ਲਾਵ ਪ੍ਰਵਿਰਤੀ ਕਰਮ ਦ੍ਰਿੜਾਇਆ ਬਲਰਾਮ ਜੀਉ ॥**

ਭਾਵ—ਹਰਿ ਸਬਦ ਦੇ ਵਿਦਵਾਨਾਂ ਨੇ ਅਨੇਕ ਅਰਥ ਕਲਪੇ ਹਨ ਪ੍ਰੰਤੂ ਏਥੇ ਪ੍ਰਕਰਣਨੁਸਾਰ "ਹਰਿ" ਸ਼ਬਦ ਈਸ਼ਰ ਬੋਧਕ ਹੈ। ਗੁਰਮਤਿ ਨਿਰਣੈ ਸਾਗਰ ਵਿਚ ਹਰਿ ਸ਼ਬਦ ਦਾ ਭਾਵ ਭਗਤੋਂ ਕੇ ਪਾਪ ਹਰਨੇ ਵਾਲਾ ਅਤੇ ਮੁਕਤੀ ਦੀ ਇੱਛਾ ਵਾਲਿਓ ਕਾ ਅਗਿਆਨ ਦੂਰ ਕਰਨੇ ਦਾ ਹੈ। ਇਸ ਲਈ ਗੁਰੂ ਜੀ ਨੇ ਲਾਵ ਦੇ ਮੁੱਢ ਵਿਚ ਹਰਿ ਸ਼ਬਦ ਲਾ ਕੇ ਛੰਦ ਦਾ ਉਚਾਰਣ ਕੀਤਾ ਹੈ। ਬਲਰਾਮ ਜੀਉ ਤੋਂ ਭਾਵ—ਕਰਤਾਰ ਤੋਂ ਬਲਿਹਾਰ ਜਾਂਦਾ ਹਾਂ ਅਤੇ ਜੀਉ*

ਗੁਰੂ ਜੀ ਦਸਦੇ ਹਨ ਜਦ ਪ੍ਰਾਣੀ ਆਪਣੇ ਗੁਰੂ ਤੋਂ ਉਪਦੇਸ਼ ਲੈ ਕੇ ਪ੍ਰਮਾਰਥ ਵਲੀ ਝੁਕਦਾ ਹੈ। ਤਾਂ ਮਾਨੋ ਉਸ ਦੀ ਅਕਾਲ ਪੁਰਖ ਦੇ ਸਿਮਰਣ ਵਿਚ ਲਗਣ ਦੀ ਪਹਿਲੀ ਲਗਨ-ਪਉੜੀ ਅਰੰਭ ਹੁੰਦੀ ਹੈ।

**(੨) ਬਾਣੀ ਬ੍ਰਹਮਾ ਵੇਦ ਧਰਮ ਦ੍ਰਿੜਹੁ। ਪਾਪ ਤਜਾਇਆ ਬਲਰਾਮ ਜੀਉ ॥**

ਭਾਵ—ਬ੍ਰਹਮ ਗਿਆਨੀ ਮਹਾਂਪੁਰਖਾਂ ਦੀ ਉਪਦੇਸ਼ ਰੂਪ ਬਾਣੀ ਦੇ ਯਥਾਰਥ-ਗਿਆਨ ਦੇ ਨਿਸਚੇ ਨਾਲ ਧਰਮ ਦੀ ਸਥਾਪਨਾ ਹੋਈ ਅਤੇ ਪਾਪਾਂ ਦਾ ਨਾਸ ਹੋ ਗਿਆ।

**(੩) ਧਰਮ ਦ੍ਰਿੜਹੁ ਹਰਿ ਨਾਮ ਧਿਆਵਹੁ। ਸਿਮਰਤ ਨਾਮ ਦ੍ਰਿੜਾਇਆ ॥**

ਭਾਵ—ਹੇ ਭਾਈ! "ਮਾਨਸ ਜਨਮ ਦੁਲੰਭ ਹੈ ਹੋਤਿ ਨਾ ਬਾਰੰ ਬਾਰ", ਅਨੁਸਾਰ ਆਪਣਾ ਸਹੀ ਪੱਕਾ ਨਿਸਚਾ ਕਰਕੇ ਪ੍ਰਭੂ ਦਾ ਨਾਮ ਜਪੋ-ਕਿਉਂਕਿ ਨਾਮ ਜਪਣ ਕਰਕੇ ਪੁਰਖ ਸਦਾ ਜੀਉਂਦਾ ਰਹਿੰਦਾ ਹੈ।

**(੪) ਸਤਿਗੁਰ ਗੁਰ ਪੂਰਾ ਅਰਾਧੇ ਸਭ ਕਿਲਵਿਖ ਪਾਪ ਗੁਵਾਇਆ**

ਭਾਵ—ਓਹੁ ਅਕਾਲ ਪੁਰਖ ਪੂਰਾ ਗੁਰੂ ਹੈ, ਉਸਦੀ ਅਰਾਧਨਾ (ਜਾਪ) ਕਰੋ ਅਤੇ

---

*ਜੀਉ ਸ਼ਬਦ ਦਾ ਉਚਾਰਣ ਜੀਓ ਨਹੀਂ ਜੀਉ ਹੈ ਏਹ ਸਿੰਧੀ ਭਾਸ਼ਾ ਦਾ ਆਦਰ ਸੂਚਕ ਸ਼ਬਦ ਹੈ ਜੀਉ। ਗੁਰੂ ਜੀ ਨੇ ਜੀਉ ਦੇ ਉੜੇ ਦਾ ਮੂੰਹ ਬੰਦ ਰਖਿਆ ਹੈ। ਇਸ ਲਈ ਇਸ ਦੀ ਆਵਾਜ਼ ਜੀਓ ਨਹੀਂ ਜੀਉ ਹੈ।

(੧) ਹਿੰਦੀ ਸ਼ਬਦ ਕੋਸ਼ ਵਿਚ ਲਾਵ ਦਾ ਅਰਥ ਅਗਨਿ ਅਤੇ ਰਸੀ ਹੈ।

(੨) ਮਹਾਨ ਕੋਸ਼ ਦੇ ਕਰਤਾ ਨੇ ਲਾਵ ਦਾ ਅਰਥ ਲੜਕੀ ਦਾ ਮਾਂ-ਬਾਪ ਘਰੋਂ ਤੋੜਕੇ, ਸਹੁਰੇ ਘਰ ਜੋੜਨ ਦੀ ਕਿਰਿਆ ਲਿਖਿਆ ਹੈ।



Sri Satguru Jagjit Singh Ji Elibrary NamdhariElibrary@gmail.com

ਜਿਸਨੇ ਉਸ ਪ੍ਰਭੂ ਕੀ ਅਰਾਧਨਾ ਕੀਤੀ ਹੈ ਉਸਨੇ ਆਪਣੇ ਸਾਰੇ ਕਿਲਵਿਖ ਪਾਪਾਂ ਦਾ ਨਾਸ ਕਰ ਲਿਆ। ਫਿਰ ਉਸ ਪ੍ਰਾਣੀ ਨੂੰ ਜਮਾਂ ਦਾ ਡਰ ਨਹੀਂ ਰਿਹਾ—

ਯਥਾ—"ਧਰਮ ਰਾਜ ਅਬਿ ਕਹਾ ਕਰੇਗੋ, ਜੋ ਫਾਟਿਓ ਸਗਲੋ ਲੇਖਾ ॥

(ਸੋ: ਮ: ੫)

**(੫) ਸਹਜ ਅਨੰਦ ਹੋਆ ਵਡਭਾਗੀ,**
**ਮਨ ਹਰਿ ਰਥਿ ਮੀਠਾ ਲਾਇਆ।**

ਭਾਵ—ਓਹੋ ਪ੍ਰਾਣੀ ਭਾਗਾਂ ਵਾਲੇ ਹੋਨ ਜਿਨਾਨੇ ਸਹਜ ਅਵਸਥਾ ਤੀਕ ਪਹੁੰਚ ਕੇ ਨਾਮ ਜਪ ਅਨੰਦ ਪ੍ਰਾਪਤ ਕੀਤਾ ਅਤੇ ਹਰੀ ਪ੍ਰਭੂ ਦਾ ਨਾਮ ਓਨ੍ਹਾਂ ਨੂੰਮਿਠਾ ਲਗਿਆ।

**(੬) ਜਨ ਕਹੈ ਨਾਨਕ ਲਾਵ ਪਹਿਲੀ ਅਰੰਭ ਕਾਜ ਰਚਾਇਆ ॥**

ਭਾਵ—ਗੁਰੂ ਜੀ ਕਹਿੰਦੇ ਹੋਨ ਪ੍ਰਾਣੀ ਦੀ ਪਹਿਲੀ ਪ੍ਰਵਿਰਤੀ ਲਗਨ ਨਾਲ ਜਗਿਆਸੂ ਦੇ ਪ੍ਰਮਾਰਥ ਦਾ ਕੰਮ ਅਰੰਭ ਹੋਇਆ।

## (੨) ਦੂਜੜੀ ਲਾਵ

**(੧) ਹਰਿ ਦੂਜੜੀ ਲਾਵ ਸਤਿਗੁਰ ਪੁਰਖ ਮਿਲਾਇਆ ਬਲਰਾਮ ਜੀਉ।**

ਭਾਵ—ਗੁਰੂ ਜੀ ਦੂਸਰੀ, ਅਵਸਥਾ ਦਾ ਜਿਕਰ ਕਰਦੇ ਹੋਨ ਕਿ ਪ੍ਰਾਣੀ ਨੂੰ ਧਰਮ ਅਤੇ ਗਿਆਨ ਦੇ ਦ੍ਰਿੜ ਨਿਸਚੇ ਨੇ ਸਤਿਗੁਰੂ ਨੂੰ ਮਿਲਾ ਦਿਤਾ।

**(੨) ਨਿਰਭਉ ਭੈਯ ਮਨ ਹੋਇ ਹਉਮੈ ਮੈਲ ਗਵਾਇਆ ਬਲਰਾਮ ਜੀਉ।**

ਭਾਵ—ਜਗਆਸੂ ਦਾ ਮਨ ਡਰ ਤੋਂ ਰਹਿਤ ਹੋ ਗਿਆ। ਅਤੇ ਇਸਦੀ ਹਉਮੈ ਅਗਿਆਨ ਦੀ ਮੈਲ ਧੋਤੀ ਗਈ।

**(੩) ਹਰਿ ਆਤਮ ਰਾਮ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥**

ਭਾਵ—ਪ੍ਰਾਣੀ ਦੇ ਹਿਰਦੇ (ਆਤਮਾ) ਵਿਚ "ਰਮਤ ਰਾਮ ਸਭ ਰਹਿਆ ਸੁਮਾਏ ॥" ਦੇ ਵਾਕ ਅਨੁਸਾਰ, ਜਿਸ ਸੁਾਮੀ ਅਕਾਲਪੁਰਖ ਦਾ ਸਾਰੇ ਪਸਾਰ ਪਸਰਿਆ ਹੋਇਆ ਹੈ ਓ ਹਰ ਥਾਂ ਤੇ ਭਰਪੂਰ (ਊਣਤਾਈ ਤੋਂ ਰਹਿਤ ਹੈ)।

**(੪) ਅੰਤਰ ਬਾਹਰ ਹਰਿ ਪ੍ਰਭ ਏਕੋ ਮਿਲ ਹਰਿ ਜਨ ਮੰਗਲ ਗਾਏ ॥**

ਭਾਵ—ਫਿਰ ਜੀਵ ਨੂੰ ਅੰਦਰ ਬਾਹਰ ਬ੍ਰਹਮ ਹੀ ਬ੍ਰਹਮ ਦਿਸਣ ਲਗ ਪਿਆ, ਤੇ ਸੰਤਾਂ ਭਗਤਾਂ ਨਾਲ ਮਿਲਕੇ ਪ੍ਰਭੂ ਮੰਗਲ (ਖੁਸ਼ੀ) ਦੇ ਗੀਤ ਗਾਏ।

**(੫) ਜਨ ਨਾਨਕ ਦੂਜੀ ਲਾਵ ਚਲਾਈ, ਅਨਹਦ ਸਬਦ ਵਜਾਏ ॥**

ਭਾਵ—ਗੁਰੂ ਜੀ ਕਹਿੰਦੇ ਹੋਨ ਕਿ ਜੀਵ ਨੇ ਦੂਜੀ ਅਵਸਥਾ (ਲਗਨ) ਵਿਚ



Sri Satguru Jagjit Singh Ji Elibrary NamdhariElibrary@gmail.com

ਅਨਹੱਦ ਸਬਦ ਜਿਸਦੀ ਹੱਦ (ਸੀਮਾ) ਨਹੀਂ ਉਸ ਅਨੰਦ ਵਿਚ ਮਗਨ ਹੋ ਦਸਮ ਦੁਆਰ ਵਿਚ ਵਾਜੇ ਵਜਾਏ, ਭਾਵ ਇਕ ਰਸ ਧੁਨੀ ਵਿਚ ਨਾਮ ਦਾ ਸੰਗੀਤ* ਅਲਾਪਿਆ।

**(ਕ) ਤੀਜੀ ਲਾਵ**

**(੧) ਹਰਿ ਤੀਜੜੀ ਲਾਵ ਮਨ ਚਾਉ ਭਇਆ ਬੈਰਾਗੀਆ ਬਲਰਾਮ ਜੀਉ॥**

ਭਾਵ—ਤੀਜੀ ਅਵਸਥਾ (ਲਗਨ) ਵਿਚ ਜੀਵ ਨੂੰ ਪ੍ਰਭੂ ਸਿਮ੍ਰਨ ਦਾ ਚਾਉ ਉਪਜਿਆ (ਪੈਦਾ ਹੋ ਗਿਆ) ਤੇ ਜੀਵ ਇਸ ਸਿਮ੍ਰਨ ਸਮਾਧੀ ਵਿਚ ਵੈਰਾਗੀ ਹੋ ਗਿਆ। ਕਿਉਂਕਿ ਸਿਮਰਨ ਕਰਨ ਵਾਲੇ ਜਿਨ੍ਹਾਂ ਨੂੰ ਪ੍ਰਭੂ ਦੀ ਲਗਨ ਦਾ ਮਨ ਵਿਚ ਅਨੰਦ ਆ ਜਾਂਦਾ ਹੈ। ਓਹ ਇਕ ਪਲਕ ਵੀ, "ਜਿਓ ਮਛਲੀ ਬਿਨ ਪਾਣੀਐ ਕਿਉਂ ਜੀਵਨ ਪਾਵੈ॥" ਜੀਉਂਦੇ ਰਹਿ ਨਹੀਂ ਸਕਦੇ ਅਤੇ ਅਖਾਂ ਜੀਵਾਂ ਵਿਸਰੈ ਮਰਜਾਉ॥ (ਮਾ: ਮ: ੧) ਦੇ ਮਹਾਂਵਾਕ ਅਨੁਸਾਰ ਕਦੇ ਵੀ ਨਾਮ ਤੋਂ ਅਵੇਸਲੇ ਨਹੀਂ ਹੁੰਦੇ। ਅਤੇ ਗੁਰੂ ਜੀ ਐਸੇ—ਨਾਮ ਵੈਰਾਗੀ ਤੋਂ ਬਲਹਾਰ ਜਾਂਦੇ ਹਨ।

**(੨) ਸੰਤ ਜਨਾ ਹਰਿ ਮੇਲ ਹਰਿ ਪਾਇਆ ਵਡ ਭਾਗੀਆ ਬਲਰਾਮ ਜੀਉ॥**

ਭਾਵ—ਅਕਾਲ ਪੁਰਖ ਦੀ ਕਿਰਪਾ ਦੁਆਰਾ ਮਹਾਂਪੁਰਖ ਸੰਤਾ ਦੇ ਮੇਲ ਨੇ ਹਰੀ ਨੂੰ ਮਿਲਾ ਦਿਤਾ, ਓਹ ਪੁਰਖ ਵਡੇ ਭਾਗਾਂਵਾਲਾ ਹੈ, ਇਸ ਲਈ ਬਲਹਾਰ ਜਾਂਦਾ ਹੈ।

**(੩) ਨਿਰਮਲ ਹਰਿ ਪਾਇਆ ਹਰਿ ਗੁਣ ਗਾਇਆ ਮੁਖ ਬੋਲੀ ਹਰਿ ਬਾਣੀ॥**

ਭਾਵ—ਨਿਰਮਲ (ਮੈਲ ਤੋਂ ਰਹਿਤ) ਪਵਿੱਤ੍ਰ ਆਤਮਾ ਪ੍ਰਮਾਤਮਾ ਨੂੰ ਪ੍ਰਾਪਤ ਕਰਕੇ, ਮਿੱਠੀ ਬਾਣੀ ਦੁਆਰਾ ਉਸਦੇ ਗੁਣਾ ਨੂੰ ਗਾਇਆ।

---

*ਜੋਗੀਜਨ ਸਮਾਧੀ ਸਥਿੱਤ ਉਨਮਨਿ ਵਿਚ ਦਸ ਪ੍ਰਕਾਰ ਦੀਆਂ ਅਵਾਜ਼ਾਂ ਦਾ ਇਸ ਪ੍ਰਕਾਰ ਵਰਨਣ ਕਰਦੇ ਹੈਨ ਯਥਾ —

ਪ੍ਰਥਮ, "ਭਮਰ"[੧] ਗੁੰਜਾਰ "ਸੰਖ"[੨] ਧੁਨਿ ਦੁਤੀ ਕਿ ਹਿਜੈ, ਤ੍ਰਿਤੀ ਵਜੇ ਮ੍ਰਿਦੰਗ[੩] ਚਤੁਥੀ[੪] ਤਾਲ ਸੁਣਿੱਜੈ, ਪੰਚਮ ਘੰਟਾ[੫] ਨਾਦ ਖਸਟ ਬੀਣਾ[੬] ਧੁਨਿ ਹੋਈ, ਸਪਤੱਮ ਵਾਜੈ "ਭੇਰ"[੭] ਅਸਟਮ "ਦੁੰਧ ਭਿ"[੮] ਜੋਈ, ਨਵਮੈ ਗਰਜ "ਸਮੁੰਦ੍ਰ"[੯] ਕੀ ਦਸਮ ਮੇਘ[੧੦] ਘੋਖੇ ਗਨੈ। ਸੁੰਦਰ ਅਨਹਦ ਸਬਦ ਕੇ ਦਸ ਪ੍ਰਕਾਰ ਜੋਗੀ ਸੁਨੈ॥



Sri Satguru Jagjit Singh Ji Elibrary NamdhariElibrary@gmail.com

(੪) ਸੰਤਜਨਾ ਵਡ ਭਾਗੀ ਪਾਇਆ ਹਰਿ ਜਪੀਐ ਅਕੱਥ ਕਹਾਣੀ ॥

ਭਾਵ—ਕਿਉਂਕਿ ਸੰਤਾ ਮਹਾਪੁਰਖਾ ਨੇ ਵਡਭਾਗੀ ਅਕਾਲ ਪੁਰਖ ਪ੍ਰਾਪਤ ਕਰਿ ਲਿਆ ਹੁੰਦਾ ਹੈ ਤੇ ਉਨ੍ਹਾਂ ਦੇ ਮਨ ਬਾਣੀ ਦੁਆਰਾ ਸਦਾ (ਅਕੱਥ) ਜੋ ਕੱਥਿਆ ਨਹੀ ਜਾ ਸਕਦਾ। ਉਸ ਦੀ ਉਪਮਾ ਕਰਕੇ ਹੀ ਸੰਤੁਸ਼ਟ ਹੋਈਦਾ ਹੈ।

(੫) ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗ ਜੀਉ ॥

ਭਾਵ—ਜਗਆਸੂ ਦੇ ਅੰਦਰ ਹਰਿ ਹਰਿ ਨਾਮ ਦੀ ਧੁਨਿ ਉਪਜ ਪਈ ਹੈ। ਭਾਵ ਹਰਿ ਨਾਮ ਨੂੰ ਓਹ ਜਪ ਸਕਦਾ ਹੈ, ਜਿਸ ਦੇ ਮਸਤਕ (ਮੱਥੇ) ਤੇ ਭਾਗ ਲਿਖਿਆ ਗਿਆ ਹੈ।

ਯਥਾ—ਜਿਨਾ ਮਸਤਕ ਧੁਰ ਹਰਿ ਲਿਖਿਆ
ਤਿਨ ਹਰਿ ਨਾਮ ਦ੍ਰਿੜਾਵੈ ਰਾਮ ਰਾਜੇ ॥
(ਆ: ਛੰਤ)

(੬) ਜਨ ਨਾਨਕ ਬੋਲੇ ਤੀਜੀ ਲਾਵੈ ਹਰਿ ਉਪਜੈ ਮਨ ਵੈਰਾਗ ਜੀਉ ॥

ਭਾਵ—ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਤੀਜੀ ਅਵਸਥਾ (ਲਗਨ) ਵਿਚ ਪਹੁੰਚ ਕੇ ਪੁਰਖ ਵੈਰਾਗੀ ਹੋ ਗਿਆ।

ਯਥਾ :— ਬੀਤਰਾਗ ਵਿਸ਼ਯੰ ਵਾਚੰਤ ਯਥਾਭਿਮਿੱਤ ਧਿਆਨਾ ਵਿਧਾ ॥

(੪) ਚਉਥੀ ਲਾਵ

(੧) ਹਰਿ ਚਉਥੜੀ ਲਾਵ ਮਨ ਸਹਜ ਭੇਇਆ
ਹਰਿ ਪਾਇਆ ਬਲਰਾਮ ਜੀਉ ॥

ਭਾਵ—ਹੁਣ ਗੁਰੂ ਜੀ ਚਉਥੀ (ਤੁਰੀਆ ਪਦ) ਅਵੱਸਥਾ ਦਾ ਵਰਨਣ ਕਰਦੇ ਹਨ ਕਿ ਗੁਰਮੁਖ ਜੀਵ ਦਾ ਮਨ ਸੰਤੋਖੀ ਹੋਗਿਆ ਕਿਉਂਕਿ ਇਸ ਨੇ ਹਰਿ ਦੀ ਪ੍ਰਾਪਤੀ ਕਰ ਲਈ। ਇਸ ਲਈ ਮੈਂ ਪ੍ਰਭੂ ਤੋਂ ਬਲਹਾਰੀ ਜਾਂਦਾ ਹਾਂ।

(੨) ਗੁਰਮੁਖ ਮਿਲਿਆ ਸੁਭਾਇ ਹਰਿ ਮਨ ਤਨ
ਮੀਠਾ ਲਾਇਆ ਬਲਰਾਮ ਜੀਉ ॥

ਭਾਵ—ਮੇਰੇ ਤਨ-ਮਨ ਦੇ ਸੰਘਰਸ਼ ਨਾਲ ਸੁਭਾਇ (ਸੁੰਦਰ) ਗੁਰਮੁਖ ਮਿਲ ਪਿਆ ਅਤੇ ਜਿਸ ਨੇ ਮੇਰੇ ਮਨ ਨੂੰ ਮਿੱਠਾ (ਰਸਮਈ) ਬਣਾ ਦਿਤਾ ਹੈ। ਮੈਂ ਉਸ ਤੋਂ ਬਲਹਾਰ ਜਾਂਦਾ ਹਾਂ।

(੩) ਹਰਿ ਮੀਠਾ ਲਾਇਆ ਮੇਰੇ ਪ੍ਰਭੁ ਭਾਇਆ
ਅਨਦਿਨੁ ਹਰਿ ਲਿਵ ਲਾਈ ॥



Sri Satguru Jagjit Singh Ji Elibrary NamdhariElibrary@gmail.com

ਭਾਵ—ਜਦ ਮੈਨੂੰ ਹਰਿ ਪ੍ਰਭੂ ਦਾ ਨਾਮ ਮਿਠਾ (ਪਿਆਰਾ) ਲਗਿਆ ਤਾਂ ਮੈਂ ਆਪਣੇ ਪ੍ਰਭੂ ਨੂੰ ਚੰਗਾ ਲਗਿਆ ਤੇ ਇਸ ਨੂੰ ਹੋਰ ਖੁਸ਼ੀ ਨਾਲ ਮੈਂ ਰਾਤ ਦਿਨ ਪ੍ਰਭੂ ਨਾਲ ਲਿਵ-ਬ੍ਰਿਤੀ ਲਾ ਲਈ। ਮਨੁ ਜੋੜ ਲਿਆ। ਫਿਰ "ਮਨ ਮੇਰਾ ਧਾਵਨ ਤੇ ਛੂਟਿਓ ਕਰ ਬੈਠੋ ਬਿਸ੍ਰਾਮ।" (ਗੁਰੂ-੯)

(੪) **ਮਨ ਚਿੰਦਿਆ ਫਲੁ ਪਾਇਆ ਸੁਆਮੀ**
**ਹਰਿ ਨਾਮ ਵਜੀ ਵਧਾਈ ॥**

ਭਾਵ—ਬਸ ਫਿਰ ਪ੍ਰਭੂ ਪਾਸੋਂ ਮਨੁ ਇਛੱਤ ਫਲ ਪ੍ਰਾਪਤ ਕੀਤੇ ਤਾਂ ਇਸ ਨਾਮ ਕਰਕੇ ਸੰਸਾਰ ਵਿਚ ਪ੍ਰਭੂ ਦੇ ਨਾਮ ਦੀ ਵਧਾਈ ਵਜੀ। ਭਾਵ-'ਜਿਸ ਨੀਂਚ ਕੋ ਕੋਈ ਨ ਜਾਨੈ ਨਾਮ ਜਪਤ ਚਹੁਕੁੰਟੀ ਮਾਨੈ।' (ਰਵੀਦਾਸ)

(੫) **ਹਰਿ ਪ੍ਰਭੁ ਠਾਕੁਰ ਕਾਜ ਰਚਾਇਆ**
**ਧਨੁ ਹਿਰਦੈ ਨਾਮ ਵਿਗਸੀ ॥**

ਭਾਵ—ਕਿਉਂਕਿ ਪ੍ਰਭੂ ਠਾਕੁਰ ਨੇ ਪ੍ਰਸੰਨ ਹੋ ਕੇ ਉਸ ਕਾਰਜ ਦੀ ਰਚਨਾ ਕੀਤੀ ਸੀ ਅਤੇ ਸਫਲਤਾ ਪਰ ਹਿਰਦੇ ਵਿਚ ਨਾਮ ਦਾ ਪ੍ਰਤਖ ਹੋਣ ਕਰਕੇ ਧਨ-ਬੁੱਧੀ ਵਿਗਸੀ ਖੁਸ਼ ਹੋ ਗਈ।

(੬) **ਜਨ ਨਾਨਕ ਬਲੇ ਚਉਥੀ ਲਾਵੇ**
**ਹਰਿ ਪਾਇਆ ਪ੍ਰਭੁ ਅਬਿਨਾਸੀ ॥**

ਭਾਵ—ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪ੍ਰਾਣੀ ਨੇ ਚਉਥੀ ਅਵੱਸਥਾ (ਤੁਰੀਆ*, ਵਿਚ ਪਹੁੰਚ ਕੇ ਪ੍ਰਭੂ (ਅਬਿਨਾਸੀ) ਜਿਸ ਦਾ ਕਦੇ ਨਾਸ ਨਹੀਂ ਹੁੰਦਾ, ਨੂੰ ਪ੍ਰਾਪਤ ਕਰ ਲਿਆ ਹੈ।** ਏਹ ਹੀ ਬ੍ਰਹਮ ਗਿਆਨੀ ਦੀ ਮੰਜਲ ਹੈ, ਏਥੇ ਪਹੁੰਚ ਕੇ ਪ੍ਰਮੇਸ਼ਰ ਬਣ ਜਾਂਦਾ ਹੈ। ਭਾਵ "ਬ੍ਰਹਮ ਗਿਆਨੀ ਆਪ ਪ੍ਰਮੇਸ਼ਰ।" (ਸੁਖਮਨੀ)

**ਪੰਚ ਭਾਗ ਵਿਧਾਨ**

ਮਨੁੱਖ ਦਾ ਬਣਾਓ ਪੰਜਾ ਤੱਤਾਂ ਵਿਚ ਹੈ ਇਸ ਲਈ ਅਗਲੀ ਉਪਦੇਸ਼ ਵੰਡ ਪੰਜਾ ਦੀ ਗਿਣਤੀ ਇਸ ਤਰ੍ਹਾਂ ਦੱਸੀ ਹੈ।

---

ਫੁਟ ਨੋਟ :—ਤ੍ਰੈ ਗੁਣ ਮਾਇਆ ਮੋਹਿ ਵਿਆਪੇ, ਤੁਰੀਆ ਗੁਣ ਹੈ ਗੁਰਮੁਖਿ ਲਹੀਐ ॥ (ਬਿਲਾ: ਮ: ੪)

ਗਿਆਨ ਦਸ਼ਾ ਤੁਰੀਆਂ ਮੁਖ ਪਾਇਆ ॥ (ਵਾਰ ਗੁ: ਮ: ੩)



Sri Satguru Jagjit Singh Ji Elibrary NamdhariElibrary@gmail.com

ਪੰਚ ਪ੍ਰਵਾਣ ਪੰਚ ਪ੍ਰਧਾਨ । ਪੰਚੇ ਪਾਵਹਿ ਦਰਗਾਹ ਮਾਣ ॥
ਪੰਚੇ ਸੋਹਹਿ ਦਰ ਰਾਜਾਨ, ਪੰਚਾ ਕਾ ਗੁਰ ਏਕ ਧਿਆਨ ॥ (ਜਪੁਜੀ)

ਭਾਵ—ਮਨੁੱਖ ਦਾ ਸਰੀਰ ਪੰਜ ਤੱਤ ਅੱਗ, ਪਾਣੀ, ਮਿੱਟੀ, ਹਵਾ ਅਤੇ ਅਕਾਸ਼ ਆਦਿ ਨਾਲ ਬਣਾਈ ਗਈ ਹੈ। ਏਹ ਪਿੰਡ ਸਰੀਰ ਤਦੇ ਹੀ ਪ੍ਰਵਾਣ (ਸਹੀ) ਮੰਨਿਆ ਹੈ ਜੇ ਇਸ ਵਿਚ, ਦੈਯਾ, ਧਰਮ, ਸੱਤ, ਸੰਤੋਖ ਅਤੇ ਖਿਮਾ (ਧੀਰਜ) ਦਾ ਨਿਵਾਸ ਹੋਵੇ, ਪ੍ਰਾਣੀ ਇਨ੍ਹਾਂ ਗੁਣਾਂ ਕਰਕੇ ਹੀ ਇਜੱਤ ਮਾਣ ਪ੍ਰਾਪਤ ਕਰ ਸਕਦਾ ਹੈ, "ਪੰਚੋ ਸੋਹੋ ਦਰ ਰਾਜਾਨ" ਜਿਵੇਂ ਸਰੀਰ ਪੰਜ ਦੀ ਸਜਾਵਟ ਹੈ, ਇਵੇਂ ਰਾਜਾ ਵੀ ਪਰਜਾ ਦਾ ਸਰੀਰ ਕਹਾਉਂਦਾ ਹੈ, ਇਸ ਵਿਚ ਵੀ ਇਨ੍ਹਾਂ ਪੰਜਾ ਗੁਣਾਂ ਕਰਕੇ ਹੀ ਵਡਿਆਈ ਹੈ ਜੈਸੇ, ਧਰਮ, ਵਿਦਿਆ, ਧਨ, ਸੰਪਦੀ, ਫੌਜ (ਆਰਮੀ) ਅਤੇ ਨਿਆਇ (ਜਸਟਸ)।" "ਪੰਚਾਂ ਕਾ ਗੁਰ ਏਕ ਧਿਆਨ" ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ ਆਦਿਕ ਸਾਰਿਆਂ ਦਾ ਇਕੱਠ ਕਰਨ ਲਈ ਇਕ 'ਧਿਆਨ' ਵਿਚ ਲੀਨ ਹੋਣ ਕਰਕੇ ਹੀ ਇਸ ਨੂੰ "ਗੁਰੂ" ਮੰਨਿਆ ਹੈ। ਇਸ ਪਰ ਗੁਰੂ ਨਾਨਕ ਦੇਵ ਜੀ ਸੂਹੀ ਮ: ੧ ਛੰਤ ਵਿਚ ਲਿਖਦੇ ਹਨ :—

(੧) ਸਹਜ ਮਲਾਏ ਹਰਿ ਮਨ ਭਾਏ, ਪੰਚ ਮਿਲੇ ਸੁਖ ਪਾਇਆ ।

× × × × × × × ×

ਅਤੇ (੨) ਅਨ ਦਿਨ ਮੇਲ ਭਇਆ ਮਨ ਮਾਨਿਆ ਘਰ ਮੰਦਰ ਸੁਹਾਏ ।
ਪੰਚ ਸਬਦ ਧੁੰਨ ਅਨਹਦ ਵਾਜੇ ਹਮ ਘਰ ਸਾਜਨ ਆਏ ॥

ਇਨ੍ਹਾਂ ਪੰਚਾਂ ਵਿਚੋਂ ਵੀ ਕੁਝ ਦਾ ਗ੍ਰਿਹੱਣ ਤੇ ਕੁਝ ਦਾ ਤਿਆਗ ਕਰਨ ਕਰਕੇ ਸਰੀਰ ਨੂੰ ਸੁਖਦ ਮੰਨਿਆ ਹੈ, ਇਸ ਪਰ ਗੁਰੂ ਅਰਜਣ ਦੇਵ ਜੀ ਰਾਗ ਆਸਾ ਵਿਚ ਲਿਖਦੇ ਹਨ :—

ਮੁਕਤਿ ਮੰਨਿਆ ਹੈ ।

੧. ਪੰਚ ਮਨਾਇ      ੨. ਪੰਚ ਰੁਸਾਏ
੩. ਪੰਚ ਵਸਾਇ      ੪. ਪੰਚ ਗਵਾਏ ।
ਇਨ ਵਿਧ ਨੱਗਰ ਵੁਠਾ ਮੇਰੇ ਭਾਈ ॥

ਭਾਵ—ਦੈਯਾ, ਧਰਮ, ਸੱਤ, ਸੰਤੋਖ, ਧੀਰਜ—ਮਨਾਏ । ਅਤੇ
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ—ਰੁਸਾਏ । ਅਤੇ
ਪੰਜਾ ਤੱਤਾਂ ਦੇ ਗੁਣ ਜਪੁ, ਤਪੁ, ਸੰਜਮ, ਦਾਨ ਅਤੇ ਇਸਨਾਨ—ਵਸਾਏ ।
ਪੰਜ ਵਿਸ਼ੇ, ਸਬਦ, ਸ਼ਪਰਸ, ਰੂਪ, ਰਸ, ਗੰਧ ਆਦਿ—ਗੁਵਾਏ ।

ਚੌਰਾਸੀ ਲਖ ਜੋਨਿ ਵਿਚ ਉੱਤਮ ਜਨਮ ਸੁ ਮਾਣਸ ਦੇਹੀ (ਭਾ: ਗੁ:) ਤਦੇ ਹੀ ਹੈ ਜੇ ਇਸ ਨੂੰ ਆਪਣੇ ਸਰੀਰ ਦੀ ਬਨਾਵਟ ਦਾ ਗਿਆਨ ਹੋਵੇ ।



Sri Satguru Jagjit Singh Ji Elibrary NamdhariElibrary@gmail.com

ਗੁਰੂ ਜੀ ਨੇ ਆਖਿਆ ਹੈ :—ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।
ਪੀਪਾ ਪ੍ਰਣਵੈ ਪਰਮ ਤੱਤ ਹੈ ਸਤਿਗੁਰ ਹੋਇ ਲਖਾਵੈ ॥
(ਧਨਾਸਰੀ ਪੀਪਾ)

ਭਾਵ—ਬ੍ਰਹਮੰਡ ਅਤੇ ਮਨੁਖ ਦੇ ਸਰੀਰ ਦੀ ਬਨਾਵਟ ਇਕ ਹੀ ਹੈ । ਬਿਨਾ ਗੁਰੂ ਬਾਣੀ ਤੋਂ ਇਸ ਦਾ ਥੋਹ-ਪਤਾ ਨਹੀਂ ਚਲਦਾ ।

**ਪੁਰਖ ਵਿਚ ਪੰਜ ਕਰਮ ਇੰਦ੍ਰੇ ਪੰਜ ਗਿਆਨ ਇੰਦਰੇ ਹਨ ।** ਗਿਆਨ ਇੰਦ੍ਰੇ ਮੁਖੀ ਹਨ । ਕਰਮ ਇੰਦਰੇ ਇਨ੍ਹਾਂ ਪੰਜਾਂ ਗਿਆਨ ਇੰਦਰਆਂ ਦੇ ਇਸ਼ਾਰੇ ਤੇ ਚਲਦੇ ਹਨ । ਭਾਵ ਨਾਸਾਂ ਨੂੰ ਸੁਗੰਧ ਆਈ ਹੱਥਾਂ ਨੇ ਫੁਲ ਤੋੜ ਲਿਆ (ਕਰਮ ਕੀਤਾ) ਕੰਨਾ ਨੇ ਕੀਰਤਨ ਸੁਣਆਂ ਪੈਰ ਚਲ ਕੇ ਸਤਿ ਸੰਗਤ ਵਿਚ ਲੈ ਗਏ । (ਕਰਮ ਕੀਤਾ) ਜੀਭ ਦਾ ਸਵਾਦ (ਗਿਆਨ ਕਰਮ) ਤੁਚਾ ਖਲੜੀ ਸੁਪ੍ਰੱਸ਼ (ਗਿਆਨ ਕਰਮ)

**ਅੱਖਾਂ ਦਾ ਦੇਖਣਾ (ਪਛਾਨਣਾ) (ਗਿਆਨ ਕਰਮ) ਆਦਿ**

ਮਨੁੱਖ ਦੇ ਸਰੀਰ ਵਿਚ ਵੀ ਪੰਜਾ ਕੋਸ਼ਾ (ਪੜਦੇ) ਦਾ ਨਿਵਾਸ ਹੈ ਜੈਸੇ :
ਅੰਨ ਮੈਈ (ਕੋਸ਼) ਗਿਆਨ ਮੈਈ (ਕੋਸ਼) ਮਨੋ ਮੈਈ (ਕੋਸ਼) ਅਨੰਦ ਮਈ (ਕੋਸ਼)

**ਪ੍ਰਾਣ ਮੈਈ (ਕੋਸ਼)**—ਉਪਨਿਸ਼ਦ ਅਨੁਸਾਰ ਆਤਮਾ ਦੇ ਪੰਚ ਆਵਰਣ-ਭਾਵ ਪੰਜ ਕੋਠੇ-ਖਜ਼ਾਨੇ, ਘਰਿ ਹੈਨ ਜਿਨ੍ਹਾਂ ਦੁਆਰਾ ਸਰੀਰ ਦੇ ਅੰਦਰੂਨੀ ਗਤਿ ਦਾ ਗਿਆਨ ਹੁੰਦਾ ਹੈ ।

(੧) ਅੰਨ ਮਯੀ ਕੋਸ਼ਾ—ਸਰੀਰ ਦੀ ਪੁਸ਼ਟੀ ਅਤੇ ਬਨਾਵਟ ਦਾ ਸਹਾਇਕ ।
(੨) ਪ੍ਰਾਣ ਮਯੀ ਕੋਸ਼ ਇਸ ਵਿਚ ਪੰਜ ਕਰਮ ਇੰਦ੍ਰੀਆਂ ਅਤੇ ਪ੍ਰਾਣ ।
(੩) ਮਨੋਮਯੀ ਕੋਸ਼, ਪੰਜ ਗਿਆਨ ਇੰਦ੍ਰੀਆਂ ਅਤੇ ਮੰਨ ।
(੪) ਵਿਗਯਾਨ ਮਯ (ਕੋਸ਼) ਪੰਜ ਗਿਆਨ ਇੰਦ੍ਰੀਆਂ ਬੁਧੀ ਸਹਿਤ ।
(੫) ਅਨੰਦ ਮਯੀ (ਕੋਸ਼) ਅਹੰਕਾਰਾਤਮਕ ਅਵਿੱਦਯਾ ।

**ਪੰਜ ਚੋਰ**—ਜੋ ਮਨੁਖ ਦੇ ਸ਼ੁਭ ਗੁਣਾ ਨੂੰ ਚੁਰਾ ਲੈਂਦੇ ਹੈਨ । (ਪੰਜ ਵਿਕਾਰ)
ਇਸ ਦੇਹੀ ਅੰਦ੍ਰਿ ਪੰਜ ਚੋਰ ਵਸਹਿ ।
ਕਾਮ, ਕ੍ਰੋਧ, ਲੋਭ, ਮੋਹੁ, ਅਹੰਕਾਰਾ । (ਸੋਰਠ ਮ: ੩)

**ਪੰਜ ਪਾਪ**—ਜੋ ਮੁਨੁਖਾ ਜਨਮ ਨੂੰ ਕਲੰਕਤ ਕਰ ਦੇਂਦੇ ਹੰਨ ।

(੧) ਸ਼ਰਾਬ ਪੀਣੀ ਅਤੇ (੨) ਚੋਰੀ ਕਰਨੀ (੩) ਵਿਭਚਾਰ ਅਰਥਾਤ ਪਰ ਇਸਤ੍ਰੀ (੪) ਗਮਨ, ਕ੍ਰਿੱਤਘਨਤਾ, (੫) ਕੰਨਜਾ ਦਾ ਮਾਰਨਾ ਯਾ ਵੇਚਣਾ ਆਦਿ ।



Sri Satguru Jagjit Singh Ji Elibrary NamdhariElibrary@gmail.com

**ਤੱਤਾਂ ਦੇ ਗੁਣ**—ਮਨੁੱਖ ਪੂਰਨ ਪੰਜ ਤੱਤਾਂ ਦਾ ਬਣਾਉ ਹੈ ਇਸ ਲਈ ਤੱਤਾਂ ਦੇ ਗੁਣਾ ਦਾ ਖੁਲਾਸਾ ਕੀਤਾ ਹੈ। ਯਥਾ [੧] ਪਾਣੀ [ਜਲ] ਦਾ ਗੁਣ, ਸਭਨਾ ਨੂੰ ਸ਼ੁਧ ਪਵਿਤ੍ਰ ਕਰਨਾ। [੨] ਅੱਗ ਦਾ ਗੁਣ-ਖਾਧੇ ਪੀਤੇ ਨੂੰ ਦਗਧ ਕਰਕੇ ਸਰੀਰ ਦੇ ਅੰਗਾਂ ਵਿਚ ਥਾਹੋਂ ਥਾਹੀ ਪਹੁਚੌਣਾ [੩] ਪਵਨ ਗੁਣ ਸਭਨਾ ਨੂੰ ਇਕੋ ਜੇਹਾ ਸੱਪ੍ਰਸ਼ ਕਰਨਾਂ, ਅਤੇ ਜੀਵਨ ਦਾਨ ਦੇਣਾ [੪] ਪ੍ਰਿਥਵੀ ਮਿਟੀ ਤੱਤ ਗੁਣ ਧੀਰਜਤਾ ਧਾਰਨੀ ਸਭ ਨੂੰ ਇਕ ਸਮਾਨ ਨਿਵਾਸ ਦੇਣਾ [੫] ਅਕਾਸ਼ ਤੱਤ, ਗੁਣ—ਅਸੰਗ ਰਹਿਣਾ। ਭਾਵ—ਨਿਆਰਾ

ਪੰਚ ਤੱਤ ਕੋ ਤਨ ਰਚਿਓ ਜਾਨੋ ਚੱਤ੍ਰ ਸੁਜਾਨਾ। [ਸਲੋਕ ਮ: ੯]
ਜਿਹਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ ॥ ੧੧ ॥

**ਪੰਜ ਕਲੇਸ਼**—ਕਲ੍ਹਾ-ਦੇਸ਼ੁ ਭਾਵ ਝਗੜੇ ਆਦਿ ਦੇ ਮੋਢੀ-ਮਾਲਕ।

[ੳ] ਅਵਿਦਯਾ—ਅਸਲੀਯਤ ਨਾ ਸਮਝਣੀ-ਉਲਟਾ ਚਲਣਾ।

[ਅ] ਅ-ਸ਼ੰਮਤਾ—ਦੇਹ ਧਨ ਸਬੰਧੀਆਂ ਆਦਿਕਾ ਵਿਚ ਸੰਮਤੀ ਨਾ ਰਖਣੀ।

[ੲ] ਰਾਗ-ਪਦਾਰਥਾ ਵਿਚ ਪ੍ਰੇਮ ਰਖਣਾ।

[ਸ] ਦ੍ਵੈਸ਼—ਵੈਰ ਵਿਰੋਧ ਹਰ ਵੇਲੇ ਚਿਤਵਨਾ।

[ਹ] ਅਭਿੰਨਵੇਸ—ਨਾ ਕਰਨ ਯੋਗ ਕਰਮਾ ਨੂੰ ਜਾਣਦਿਆਂ ਹੋਇਆਂ ਭੀ ਕਰਨਾ। ਹਠ ਨਾਲ ਅਯੋਗ ਕੰਮਾਂ ਵਿਚ ਮਨ ਲਾਉਣਾ ਅਤੇ ਮੌਤ ਤੋਂ ਡਰਨਾ ਆਦਿ।

**ਪੰਚਾਮ੍ਰਿਤ**—

ਅਰਥਾਤ ਗੁਰਸਿੱਖ ਦੇ ਛਕਣ ਲਈ '**ਸ਼ੁੱਧ ਪਦਾਰਥ**'।
ਭਾ: ਗੁ: ਜੀ ਨੇ ਲਿਖਾ ਹੈ :—

ਖਾਂਡ, ਘ੍ਰਿਤ, ਚੂਨ, ਜਲ, ਪਾਵਕ, ਇਕੱਤ੍ਰ ਭਏ **ਪੰਚ ਮਿਲ** ਪੰਚਾਮ੍ਰਿਤ ਪ੍ਰਗਾਸ ਹੈ ॥

**ਸਿਮ੍ਰਿਤੀ ਅਨੁਸਾਰ**—

ਦੁਧ, ਦਹੀ, ਘੀ, ਖੰਡ, ਅਤੇ ਸਹਦ।
ਜਿਹ ਮੁਖਿ **ਪਾਂਚੋ** ਅੰਮ੍ਰਿਤ ਖਾਇ। [ਗਓ: ਕਬੀਰ]

**ਵੈਦਯਕ ਅਨੁਸਾਰ**—

ਗਲੋਯ, ਗੋਖਰੂ [ਭੱਖੜਾ], ਮੁਸਲੀ, ਗੋਰਖ ਮੁੰਡੀ ਅਤੇ ਸਤਾਵਰ **ਏਹੁ ਤਾਕਤ ਦੇ ਨੁਸਖੇ ਹੰਨ**।

ਭਾਵ—ਜੇ ਪੁਰਖ ਤਾਕਤ ਸੱਤਾ ਰਹਿਤ ਹੈ ਤਾਂ ਓਹ ਜ਼ਿੰਦਗੀ ਦੇ ਸੁਖ ਨਹੀਂ ਭੋਗ ਸਕਦਾ **ਅਰ ਨਾ ਔਛੀ ਸੰਤਾਨ** ਹੀ ਪੈਦਾ ਕਰ ਸਕਦਾ ਹੈ।



Sri Satguru Jagjit Singh Ji Elibrary NamdhariElibrary@gmail.com

ਹੋਰ ਪ੍ਰਾਣੀਆਂ ਨੂੰ ਠੱਗਣ ਵਾਲੇ ਪੰਜਾਂ ਠੱਗਾਂ ਦਾ ਵੀ ਵਿਦ੍ਵਾਨਾਂ ਨੇ ਜਿਕਰ ਕੀਤਾ ਹੈ।

ਯਥਾ—ਰਾਜ, ਮਾਲ, ਰੂਪ, ਜ਼ਾਤ, ਜੋਬਨ, ਆਦਿ। ਜਿਨ੍ਹਾਂ ਤੋਂ ਅਗਿਆਨੀ ਪੁਰਸ਼ ਬਚ ਨਹੀਂ ਸਕਦਾ ਕੋਈ ਵਿਰਲਾ ਹੀ "ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ। ਬਚਿਆ ਹੋਵੇਗਾ। [ਸਲੋ: ਮ: ੫]

**ਪ੍ਰਾਰਥਨਾ ਦੇ ਪੰਜ ਵਕਤ—**

ਮਾਨਸ ਜਨਮ ਦੁਲੰਭ ਹੈ ਹੋਤ ਨਾ ਬਾਰੰ ਬਾਰ।
ਮਾਨਸ ਜਨਮ ਦੁਲੰਭ ਗੁਰਮੁਖ ਪਾਇਆਂ।
ਮਨ ਤਨ ਹੋਇ ਚੁਲੰਭ ਜਿ ਸਤਿਗੁਰ ਭਾਇਆਂ।

ਇਸ ਲਈ ਪ੍ਰਾਣੀ ਦਾ ਪ੍ਰਮਾਰਥ ਸੁਧਾਰਨ ਲਈ ਮਹਾਂ ਪੁਰਖਾਂ ਨੇ/ਅਕਾਲ ਪੁਰਖ ਨਾਲ ਜੁੜਨ ਲਈ। ਪ੍ਰਾਰਥਨਾ ਨੀਯਤ ਕੀਤੀਆਂ ਹੋਨ—ਜੈਸੇ ਮੁਸਲਮਾਨਾਂ ਦੀ ਪੰਜ ਵਕਤ ਦੀਆਂ ਨਮਾਜ਼ਾਂ :

[੧] ਅੰਮ੍ਰਿਤ ਵੇਲੇ ਦੀ [੨] ਦੁਪਹਿਰ ਪਿਛੋਂ, [੩] ਘੜੀ ਦਿਨ ਬਾਕੀ ਰਹੇ ਤੇ [੪] ਦਿਨ ਛਿਪਣ ਵੇਲੇ [੫] ਚਾਰ ਘੜੀ ਰਾਤ ਬੀਤੀ ਤੇ ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਪੰਜ ਨਿਵਾਜਾ ਦਾ ਭਾਵ ਇਓਂ ਦ੍ਰਸਾਇਆ ਹੈ।

ਉਦਾਹਰਣ :—

ਪੰਜ ਨਵਾਜਾਂ ਵਖਤ ਪੰਜ, ਪੰਜਾ ਪੰਜੇ ਨਾਉ :

ਪਹਿਲਾ [੧] ਸਚੁ [੨] ਹਲਾਲ ਦੁਇ [੩] ਤੀਜੀ ਖੈਰ ਖੁਦਾਇ [੪] ਚਉਥੀ ਨੀਯਤ ਰਾਸ ਮਨ ਪੰਜਵੀ [੫] ਸਿਫਤ ਸਨਾਇ॥ [ਵਾਰ ਮਾਝ ਮ: ੧]

ਭਾਵ—ਸਚੁ ਬੋਲਣਾ, ਹੱਕ ਦਾ ਖਾਣਾ, ਖੁਦਾ ਤੋਂ ਸਭ ਲਈ ਖੈਰ-ਭਲਾ ਮੰਗਣਾ ਨੀਯਤ ਸਾਫ ਰਖਣੀ, ਹਰ ਵੇਲੇ ਖੁਦਾ ਵਾਹਿਗੁਰੂ ਦੀ ਸਿਫਤ ਵਿਚ ਮਨ ਜੋੜਣਾ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਪੰਜਾਂ ਦੀ ਮ੍ਰਯਾਦਾ ਨੂੰ ਕਾਇਮ ਰਖਿਆਂ**

ਖਾਲਸੇ ਦੀ ਚੋਣ ਕਰਨ ਵੇਲੇ ਗੁਰੂ ਕਲਗੀਧਰ ਜੀ ਨੇ ਸਭ ਤੋਂ ਪਹਿਲਾ ਦੈਯਾ, [ਦੈਯਾ ਸਿੰਘ] ਦੂਜਾ ਧਰਮ [ਧਰਮ ਸਿੰਘ] ਤੀਜਾ ਹਿੰਮਤ [ਹਿੰਮਤ ਸਿੰਘ] ਚੌਥੀ ਮੋਹਕਮਤਾ-[ਬਹਾਦੁਰੀ] [ਮੋਹਕਮ ਸਿੰਘ] ਪੰਜਵਾਂ ਸਾਹਿਬ [ਸਾਹਬ ਸਿੰਘ]

ਭਾਵ—ਜਿਸ ਘਰ ਵਿਚ ਦੈਯਾ ਹੋਵੇ ਓਥੇ ਧਰਮ ਆਵੱਸ਼ਯ ਹੁੰਦਾ ਹੈ ਦੈਯਾ ਧਰਮ ਕਾ ਮੂਲ ਹੈ [ਤੁਲਸੀ ਦਾਸ] ਜਦ ਦੈਯਾ ਤੇ ਧਰਮ ਦੋਨੋਂ ਮਿਲਣ ਤਾਂ ਓਥੇ ਹਿੰਮਤ ਉਦਮ ਦਾ ਔਉਣਾ ਯਥਾਰਥ ਹੈ, ਅਤੇ ਜਿਥੇ ਉਦਮ ਹੈ ਓਥੇ ਬਹਾਦਰੀ ਵੀ ਠਾਠਾਂ ਮਾਰਦੀ



Sri Satguru Jagjit Singh Ji Elibrary NamdhariElibrary@gmail.com

ਹੈ ਜਦ ਇਨਾ [ਦੈਯਾ; ਧਰਮ, ਹਿੰਮਤ, ਮੋਹਕਮ, ਸਾਹਿਬ] ਪੰਜਾਂ ਦੀ ਇਕ ਥਾਂ ਸਥਾਪਨਾ ਹੋ ਜਾਵੇ ਓਥੇ ਸਾਹਿਬੀ ਭਾਵ ਓਹ ਘਰ ਹੁਕਮਰਾਨ ਬਣ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਮ੍ਰਯਾਦਾ ਵਿਚ ਰਹਿਣ ਲਈ ਰਹਿਤਾਂ ਵੀ ਪੰਜਾਬ ਦਾ ਨਿਯਮ ਵਧਾਨ ਕੀਤਾ ਹੈ। ਭਾਵ—**ਪੰਜ ਕਕਾਰ** ਪੰਜ-ਕੱਕੇ

ਕੱਛ, ਕੜਾ, ਕੇਸ, ਕੰਘਾ, ਕਿਰਪਾਨ।

ਭਾਵ—ਕਛੈਹਰਾ, ਜੱਤਿ ਦੀ, ਨਿਸ਼ਾਨੀ, ੧. ਕੰਘਾ, ਕੇਸਾਂ ਦੀ ਸਫਾਈ. ੨. "ਕੜਾ", ਹਥਕੜੀ—ਭਾਵ ਬੁਰੇਕਮਾਂ ੩. ਵਲੀ ਹਥ ਨਾ ਉਠੇ, ੪. ਕੇਸ਼ ਸੀਸ-ਸਿਰ ਦੀ ਰੱਖਿਆ ਅਤੇ ਸਰਦਾਰੀ, ੫. ਕ੍ਰਿਪਾਨਾਂ, ਅੰਗ ਰਖਸ਼ਕ, ਅਤੇ ਮਜਲੂਮਾਂ ਦੀ ਰਖਿਆ ਹਿਤ। ਇਸ ਪਰ ਕਵੀ ਕੁੰਦਨ ਨੇ ਲਿਖਿਆ ਹੈ।

ਉਦਾਹਰਣ—

ਦੇਕੇ ਕੇਸ ਦਸਮੇਸ਼ ਨੇ ਕਿਹਾ ਮੂਹੋਂ, ਜਾਓ ਬਖਸੀਆ ਅਜ ਸਰਦਾਰੀਆਂ ਨੇ।
ਕੰਘਾ ਫੇਰਦੇ ਸਦਾ ਖਿਆਲ ਰਖਣਾ ਕਦੇ ਫਿਰਨੀਆਂ ਸਿਰਾਂ ਤੇ ਆਰੀਆਂ ਨੇ।
ਉਠੇ ਹੱਥ ਨਾ ਕਿਸੇ ਗਰੀਬ ਉਤੇ ਕੜਾ ਨਹੀ ਕੜੀਆਂ ਗਈਆਂ ਮਾਰੀਆਂ ਨੇ।
ਕੱਛਾ ਨਹੀ ਏਹ ਜਤ ਤੇ ਸਤ ਦੇਕੇ ਦੇ ਦਿਤੀਆਂ ਬਰਕਤਾਂ ਭਾਰੀਆਂ ਨੇ।
ਰਹਣਾ ਸਦਾ ਮਜਲੂਮਾਂ ਦੀ ਢਾਲ ਬਣ ਕੇ ਏਸੇ ਲਈ ਕਿਰਪਾਨ ਦਾ ਦਾਨ ਕੀਤਾ।
ਡਰਦਾ ਰਹੇਗਾ **ਕਾਲ ਭੀ ਤੁਸਾਂ ਪਾਸੋਂ**, ਖੰਡੇਧਾਰ ਅਮ੍ਰਿਤ ਤੁਸਾਂ ਪਾਨ ਕੀਤਾ॥

## ਸਤਿ ਸੁੱਧਾਂ

ਜੀਵ ਆਪਣੇ ਇਸਟ ਗੁਰੂ [ਉਪਦੇਸਟਾ] ਦੇ ਦਰਸ਼ਣ ਅਤੇ ਸੇਵਾ ਕਰਕੇ ਰਜਦਾ ਨਹੀਂ ਪਰ ਜਦ ਗੁਰੂ ਤੋਂ ਵਿਛੜਨ ਦੀ ਘੜੀ ਔਂਦੀ ਹੈ ਤਾਂ ਵਿਚਾਰੇ ਦੀਆਂ ਸੱਤੇ ਸੁੱਧਾਂ "ਧੀਰਜ, ਬੁਧਿ, ਬਿਬੇਕ, ਬਲ, ਗਤਿ, ਮਿਤ, ਅਓਸਰ; ਬਾਤ।

ਪ੍ਰੀਤਮ ਵਿਛੜੇ ਰੀ ਸਖੀ ਭੂਲ ਗਈ ਸੁਧਿਸਾਤਿ॥ 'ਸਤੇ ਸੁਧਾਂ' ਭੁਲ ਜਾਂਦੀਆਂ ਹੰਨ ਇਸ ਪਰ ਭਾ: ਗੁ: ਜੀ ਨੇ ਵੀ ਇਕ ਕਬਿੱਤ ਲਿਖੀ ਹੈ—

ਦਰਸ਼ਨ ਦੇਖਤੇ ਹੀ ਸੁਧ ਕੀ ਨਾ ਸੁਧ ਰਹੀ।
ਬੁਧਿ ਕੀ ਨਾ ਬੁਧਿ ਰਹੀ ਮਤਮੇਂ ਨਾ ਮੱਤਿ ਹੈ॥
ਸੁਰਤਿ ਮੇਂ ਨਾ ਸੁਰਤਿ ਔ ਧਿਆਨ ਮੇਂ ਨਾ ਧਿਆਨ ਰਹਿਯੋ।
ਗਿਆਨ ਮੇਂ ਨਾ ਗਿਆਨ ਰਹਿਯੋ ਸਤ ਮੇਂ ਨਾਂ ਸੱਤਿ ਹੈ।
ਧੀਰਜ ਕੋ ਧੀਰਜ ਗਰਬ ਕੋ ਗਰਬ ਗਇਯੋ।



Sri Satguru Jagjit Singh Ji Elibrary NamdhariElibrary@gmail.com

ਰਤ ਮੇ ਨਾ ਰਤ ਰਹੀ ਪਤ ਰਤ ਪਤ ਹੈ॥

ਅਧਿਭੂੱਤ ਪ੍ਰਮਦੱਭੂਤ ਬਿਸਮੈ ਬਿਸਮ।

ਅਸਚਰਜੋ ਅੱਸਚਰਜ ਅੱਤਿ ਅੱਤਿ ਅੱਤਿ ਹੈ॥

## ਮਨੁੱਖ ਦੀਆਂ ਸਤਿ ਅਵੱਸਥਾਵਾਂ

ਚਿੱਤ ਦੀਆਂ ਸਤ ਹਾਲਤਾਂ ਗਿਯਾਨ ਅਵੱਸਥਾ ਦੀਆਂ ਮੰਜਲਾ ਭੂਮਿਕਾਂ

[੧] ਸ਼ੁਭ ਇਛਾਂ—ਭਾਵਨਾਵਾਂ ਮੁਕਤਿ ਦੀ ਇਛਾ ਆਦਿ।

[੨] ਵਿਚਾਰ—ਵਿਵੇਕ ਦੀ ਪ੍ਰਾਪਤੀ ਦੀ ਇਛਾ।

[੩] ਤਨਮਾਨਸਾ, ਅਹੰਕਰਣ ਦੇ ਸੰਕਲਪਾਂ ਦੇ ਫੁਰਨੇ।

[੪] ਸੱਤਿ ਵਾ. ਪਤ—ਬ੍ਰਹੰਮ ਗਿਆਨ ਦੀ ਪ੍ਰਾਪਤੀ।

[੫] ਅਸੰਸਕ੍ਰਿਤਾ—ਸਿਧੀ ਆਦਿ ਸ਼ਕਤੀਆਂ ਤੋਂ ਮਨ ਦੀ ਉਪ੍ਰਾਮਤਾ।

[੬] ਪ੍ਰਥਾ ਭਾਵਨੀ ਪ੍ਰਮਾਤਮਾਂ ਤੋਂ ਭਿੰਨ ਹੋਰ ਵਿਚਾਰ ਦਾ ਮਿਟ ਜਾਨਾ।

[੭] ਭੁਯੰਗ ਤੁਰੀਅ ਪਦ [ਚੌਥੇ ਪਦ] ਦੀ ਪ੍ਰਾਪਤੀ ਆਦਿ।

(ਹਠ ਯੋਗ ਪ੍ਰਦੀਪਕਾ)

## ਭੂਮਕਾ ਸਤ ਦੀਪ ਮਨੁਖ ਦੀ ਵਿਗਿਆਨਕ ਦ੍ਰਿਸ਼ਟੀ

ਭਾਗਵਤ ਅਨੁਸਾਰ ਪ੍ਰਿਥਵੀ ਮੰਡਲ ਦੇ ਸਤ ਭਾਗ (ਹਿੱਸੇ)

(੧) ਜੰਬੂ, ਪਲਖ, ਸ਼ਾਲਮਿਲ, ਕੁਸ਼ ਕ੍ਰੌਂਚ, ਸ਼ਾਕ ਅਤੇ ਪੁਸ਼ਕਰ ਆਦਿ।

## ਸਤ ਸਮੁੰਦਰ ਦਾ ਗਿਆਨ

ਪੁਰਖ ਨੂੰ ਸਤਿ ਸਮੁੰਦ੍ਰਾਂ ਤੋਂ ਸਤਾਂ ਰਸਾਂ ਦਾ ਗਿਆਨ ਕਰਾਇਆ।
ਯਥਾ :—ਖਾਰਾ ਸਮੁੰਦਰ (ਲੂਣ ਦਾ), ਖੀਰ ਸਮੁੰਦਰ (ਚੌਲਾ ਦੀ ਖੀਰ ਦਾ), ਦੁੱਧ ਸਮੁੰਦਰ (ਦੁੱਧ ਦਾ), ਘ੍ਰਿਤ ਸਮੁੰਦਰ (ਘਿਓ ਦਾ), ਇਖਰਸ ਸਮੁੰਦਰ (ਗੰਨੇ ਦੀ ਰਸ ਦਾ), ਮਧੁ ਸਮੁੰਦਰ (ਸ਼ੋਹਤ ਦਾ), ਮਿਸਟ ਜਲ ਸਮੁੰਦਰ (ਮਿਠੇ ਪਾਣੀ ਦਾ)।

ਇਨ੍ਹਾਂ ਸਤਾਂ ਸਮੁੰਦਰਾਂ ਤੋਂ ਹੀ ਸੱਤਾਂ ਰਾਗਾਂ ਦੀ ਉਤਪਤੀ ਕਹੀ ਹੈ।

ਯਥਾ :—ਭੈਰਉ (ਖਾਰੇ ਸਾਗਰੋਂ) ਮਾਲੂ ਕੌਸ (ਜਲੌਂਸ) ਦੁੱਧ ਸਾਗਰ (ਹਿੰਡੋਲ) ਹੈ ਘ੍ਰਿਤ ਤੋਂ (ਦੀਪਕ) ਜੋਸ਼ ਉਪਜ "ਸ੍ਰੀ" ਦੀ ਖੰਡ ਤੋਂ ਸ੍ਵਾਧੀਕ ਤੋਂ (ਮੇਘ) ਪ੍ਰਗੱਟ ਦਹੀਂ ਸਮੁੰਦਰੋਂ ਰਾਗ ਬਸੰਤੇਖ।

ਸਾ ਰੇ ਗਾ ਮਾ ਪਾ ਧਾ ਨੀ। (ਸਰਿਗੁਰ)



Sri Satguru Jagjit Singh Ji Elibrary NamdhariElibrary@gmail.com

"ਸਾ [ਸੁਰ] ਰੇ [ਰਿਖਤ] ਗਾ [ਗੰਧਾਰ] ਮਾ [ਮਧੱਮ] ਪਾ [ਪੰਚਮ] ਧਾ [ਧੈਵਿਤ] ਨੀ [ਨਿਖਾਧ]"

**ਪੁਰਖ ਦੀ ਨੌਂ ਭਾਗਾਂ ਵਿਚ ਵਿਗਯਾਨ ਵਿੱਸਟੀ**

ਪ੍ਰਾਣੀ ਦੀ ਭੂਤ ਭਵਿੱਖ ਅਤੇ ਵਰਤਮਾਨ ਜਾਨਣ ਲਈ ਜੋਤਸ਼ ਵਿਦੱਆ ਦੇ ਨੌਂ ਗ੍ਰਿਹ, ਸੂਰਜ, ਚੰਦ੍ਰਮਾ, ਮੰਗਲ, ਬੁੱਧ, ਬ੍ਰਹਸਪਤਿ, ਸ਼ੁਕਰ, ਸ਼ਨੀ, ਰਾਹੂ ਕੇਤੂ।

**ਪ੍ਰਾਣੀ ਦੇ ਨੌਂ ਦਰਵਾਜ਼ੇ**

ਦੋ ਨਾਸਾਂ, ਦੋ ਕੰਨ, ਦੋ ਅੱਖਾਂ, ਮੁਖ ਇੰਦਰੀ ਗੁਦਾ ਆਦਿ।

**ਮਨੁੱਖ ਦੇ ਸੁਰਗ ਭੋਗ ਦੀਆਂ ਨੌਂ ਨਿੱਧੀਆਂ**

ਨਵ ਨਿੱਧ ਕੇ ਅਬਿ ਨਾਮ ਸੁਣੀਜੈ
ਪਦਮ ਔਰ ਮਹਾਂ ਪਦਮ ਵਖਾਣ ॥
ਖਰਬ ਕੁੰਦ ਔ ਸੰਖ ਨੀਲ ਭਨ।
ਕੱਛਪ ਮਕਰ ਮੁਕੰਦ ਮਹਾਨ ॥
ਸੋਹ ਸਭ ਤਿਨਕੇ ਨਾਮ ਪਛਾਨੋ
ਜਿਸ ਨਵ ਨਿਧਕੋ ਚਹਿਤ ਜਹਾਨ।
ਸੰਤ ਭਗਤ ਨਿਸਕਾਮ ਸਗਲ ਤੇ
ਜਿਨਕੇ ਉਰ ਨਿਜ ਬੋਧ ਮਹਾਨ ॥

ਮਨੁੱਖ ਦਾ ਭਵਿਖ ਸੁਧਾਰਨ ਲਈ ਨੌ ਕਿਸਮ ਦੀ ਭਗਤੀ ਕਹੀ।

ਯਥਾ :—ਸ੍ਰਵਣ, ਕੀਰਤਨ, ਸਿਮ੍ਰਣ, ਪਾਦ ਸੇਵਨ ਅਰਚਨ ਬੰਦਨ, ਦਾਸਭਾਵ [ਮਿਤ੍ਰਤਾ] ਅਤੇ [ਆਤਮਾ ਨਿਵੇਦਨ] [ਸਖਾ]

[ਮ: ਕੋ: ਪੰਨਾ ੬੮੬]

**ਨਵਧਾ ਭਗਤੀ**

ਨੌਂ ਪ੍ਰਕਾਰ ਦੀ ਉਪਾਸਨਾ—ਸੇਵਾ

ਨਵਧਾ ਭਗਤ ਰਿਦੈ ਅਤਿ ਜਾਗੀ [ਨਾਨਕ ਪ੍ਰਕਾਸ਼]
ਭਗਤਿ ਨਵੈ ਪ੍ਰਕਾਰਾ ਅਤੇ-ਭਗਤਿ ਨਵੇਂ ਪ੍ਰਕਾਰਾ। [ਸ੍ਰੀ. ਆ. ਮ. ੫]

**੧. ਸ੍ਰਵਣ**

ਆਪਣੇ ਇਸਟ ਦੇਵ ਦਾ ਜਸੁ ਸੁਨਣਾ ਯਥਾ :—

ਕੋਟਿ ਕਰਣ ਦੀਜਹਿ ਪ੍ਰਭ ਪ੍ਰੀਤਮ
ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥



Sri Satguru Jagjit Singh Ji Elibrary NamdhariElibrary@gmail.com

ਸੁਣ ਸੁਣ ਦਿਹੁ ਮੰਨ ਨਿਰਮਲ ਹੋਵੈ
ਕਟੀਐ ਕਾਲ ਕੀ ਫਾਸੀ ਰਾਮ ॥

**੨. ਕੀਰਤਨ** [ਸੂ: ਛੰਤ ਮ: ੫]

ਗੁਣਾਂ ਦਾ ਗਾਉਣਾ

ਲਾਖੁ ਜਿਹਵਾ ਦੇਹੁ ਮੇਰੇ ਪਿਆਰੇ
ਮੁਖ ਹਰਿ ਆਰਾਧੇ ਮੇਰਾ ਰਾਮ ॥
[ਸੂ: ਛੰ: ਮ: ੫]

ਆਨਦ ਸੂਖ ਮੰਗਲ ਬਨੇ ਪੇਖਤ ਗੁਣ ਗਾਂਉ ।
ਕਥਾ ਕੀਰਤਨ ਰਾਗ ਨਾਦ ਧੁਨਿ ਇਹ ਬਨਿਓ ਸੁਆਉ ॥
[ਬਿਲਾ: ਮ: ੫]

**੩. ਸਿਮ੍ਰਨ ਯਾਦ ਕਰਨਾ**

ਹਰਿ ਹਰਿ ਕਬਹੂ ਨ ਮਨੋ ਬਿਸਾਰੇ
ਈਹਾਂ ਊਹਾਂ ਸਰਬ ਸੁਖ ਦਾਤਾ ਸਗਲ ਘਟਾ ਪ੍ਰਿਤਪਾਰੇ ॥
[ਗਉ: ਮ: ੫]

ਨਾਨਕ ਸੋਈ ਦਿਨਸੁ ਸੁਹਾਵੜਾ
ਜਿਤੁ ਪ੍ਰਭੁ ਆਵੈ ਚਿਤਿ ॥
[ਵਾਰ ਗਉੜੀ ਮ: ੫]

**੪. ਪਾਦ ਸੇਵਨ ਚਰਣ ਸੇਵਾ**

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਆਨ ਦਿਨੋ ਮੋਹਿ ਆਹੀ ਪਿਆਸਾ (ਸੋਹਲਾ)
ਪੈ ਪਾਈ ਮਨਾਈ ਸੋਇ ਜੀਉ ॥
[ਸ੍ਰੀ: ਮ: ੫]

**੫. ਅਰਚਨ**

ਚੰਦਨ ਫੁਲਾਂ ਆਦਿ ਸਮ੍ਰਗੀ ਨਾਲ ਪੂਜਨ

ਸ਼ਬਦ—ਤੇਰਾ ਨਾਮ ਕਰੀ ਚਣਨਾਠੀਆ ਜੇ ਮਨ ਉਰਸਾ ਹੋਇ
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥
[ਗੂ: ਮ: ੧]

ਮਨ ਸੰਪਟ ਜਿਤ ਸਤਿ ਸਰਿ ਨਾਵਣ
ਭਾਵਨ ਪਾਤੀ ਤ੍ਰਿਪਤਿ ਕਰੈ



Sri Satguru Jagjit Singh Ji Elibrary NamdhariElibrary@gmail.com

ਪੂਜਾ ਪ੍ਰਾਣ ਸੇਵਕ ਜੋ ਸੇਵੇ
ਇਨ ਬਿਧ ਸਾਹਿਬ ਰਵਤੁ ਰਹੈ ॥
[ਸੂ: ਮ: ੧]

## ੬. ਬੰਦਨ ਪ੍ਰਣਾਮ ਨਿਮਸਕਾਰ

ਪ੍ਰਭ ਜੀ ਤੂੰ ਮੇਰੇ ਪ੍ਰਾਣ ਅਧਾਰੈ
ਨਮਸਕਾਰ ਡੰਡਉਤ ਬੰਦਨਾ ਅਨਿਕ ਬਾਰ ਜਾਓ ਬਾਰੇ ॥
[ਬਿਲਾ: ਮ: ੫]

## ੭. ਸਖਯ, ਇਸਟ ਨਾਲ ਮਿਤ੍ਰਤਾ ਭਾਵ

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤ
ਤੂੰ ਮੇਰਾ ਪ੍ਰੀਤਮ ਤੁਮੀ ਸੰਗਹੀਤ ॥
[ਗਉ: ਮ: ੫]

## ੮. ਦਾਸਯ ਸੇਵਕ ਭਾਵ

ਤੂੰ ਸਾਚਾ ਸਾਹਿਬ ਦਾਸ ਤੇਰਾ ਗੋਲਾ ॥ [ਮਾਝ: ਮ: ੫]
ਬੇ ਖਰੀਦ ਹਉ ਦਾਸਰੋ ਤੇਰਾ ।
ਤੂੰ ਭਾਰੋ ਠਾਕਰ ਗੁਣੀ ਗਹੇਰਾ ॥ [ਸੂਹੀ ਮ: ੫]

## ੯. ਆਤਮ ਨਿਵੇਦਨ

ਆਪਣਾ ਆਪ ਅਰਪਨ ਕਰਨਾ

ਤੁਧ ਅਗੇ ਅਰਦਾਸ ਹਮਾਰੀ ਜੀਉ ਪਿੰਡ ਸਭ ਤੇਰਾ ।
[ਆਸਾ ਮ: ੫]

ਮਨ ਤਨੁ ਅਰਪ ਰਖਓਂ ਹਰਿ ਆਗੈ ।
ਸਰਬ ਜੀਆ ਕਾ ਹੈ ਪ੍ਰਿਤਪਾਲ ॥
[ਬਿ: ਮ: ੫]

ਮਨੁੱਖ ਨੂੰ ਹਰ ਖੁਸ਼ੀ ਗਮੀਂ ਆਦਿ ਲਈ ਕਾਵ ਦੇ ਵਿਦਵਾਨਾਂ ਨੇ ਨੌ ਰਸਾਂ ਦਾ ਗਿਆਨ ਬਖਸਿਆ ਤਾਂ ਕਿ ਪ੍ਰਾਣੀ ਆਪਣੇ ਮਨੋਭਾਵ ਕਵਿਤਾ ਰਾਹੀਂ ਪ੍ਰਗੱਟ ਕਰ ਸਕੇ । ਕਵਿ ਅੰਮ੍ਰਿਤ ਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਨੌਂ "ਰਸ" ਕਲਪਿਆ ਹੈ ਯਥਾ—

ਪ੍ਰਿਯਾ ਪ੍ਰੇਮ ਸੋ "ਸੰਗਾਰੀ" "ਹਾਸ" ਸੋ ਬਿਨੋਦ ਭਾਰੀ ।
ਦੀਨ ਨ ਪੈ "ਕਰੁਣਾ" ਤੁਮਾਰੋ ਸੁਖ ਦੀਨੋ ਹੈ ॥



Sri Satguru Jagjit Singh Ji Elibrary NamdhariElibrary@gmail.com

ਕੀਨੋ ਅਰਿ ਰੂਭ ਮੁੰਤ "ਰੌਦ੍ਰ ਰਸ" ਭੇਯੋ ਭੂਰ ।

ਫੌਜ ਕੇ ਸੁਧਾਰਨ ਕੋ "ਬੀਰਰਸ" ਕੀਨੋ ਹੈ ।

ਛੰਕ ਸੁਨ ਲੋਕ "ਭੇਯਭੀਤ" ਸੱਤਰੂ ਥਾਮ ਨਿੰਦਾ ।

ਬਿਕ੍ਰਮ ਪ੍ਰਬਲ "ਅਧਿਭੁਤ" ਰਸ ਚੀਨੋ ਹੈ ॥

"ਬ੍ਰਹੰਮ ਗਿਆਨ" ਸ਼ਾਂਤ ਕਵਿ ਅੰਮ੍ਰਿਤ ਬਿਰਾਜੇ ਸਦਾ ।

ਸ੍ਰੀ ਗੁਰੂ ਗੋਬਿੰਦ ਰਾਇ ਨਵੇ ਰਸ ਭੀਨੋ ਹੈ ॥

ਇਸ ਤੋਂ ਉਪ੍ਰੰਤ ਹੇਠਲੀ ਨੌ (੯) ਬੰਡ ਵਿਚ ਮਹਾਪੁਰਖ ਬ੍ਰਹੰਮ ਗਿਆਨੀ ਦੀ ਪੱਦਵੀ' ਦਾ ਸੰਖੇਪ ਉਦਾਹਰਣ ਦਿਤਾ 'ਜੈਸੇ ਅਠੋਤ੍ਰੀ ਮਾਲਾਦੇ ਮਣ ਕੇ (੧੦੮) ਹੁੰਦੇ ਹਨ । ਏਹੁ ਨਾਂਵੇਂ ਦੀ ਮੁਹਾਰਨੀ ਵਿਚੋਂ ਇਕਰਸ ਨਾ ਘੱਟਣ ਵਾਲਾ ਅੰਕ ਦੱਸਿਆ ਹੈ । ਜੋ ਮਹਾਪੁਰਖਾਂ ਲਈ ਵਰਤਿਆ ਜਾਂਦਾ ਹੈ, ਭਾਵ ਜਿਵੇਂ ਮਹਾਪੁਰਖਾਂ ਦੀ ਅਵਿੱਸਥਾ ਇਕ ਰਸ ਰਹਿੰਦੀ ਹੈ ਜੈਸੇ ੧. ਸੰਤ ਨਾ ਛਾਡੇ ਸੰਤਈ ਜੋ ਕੋਟਕ ਮਿਲੇ ਅਸੰਤ ॥ ੨. ਮਿਲਯਾਗਰ ਭੁਜੰਗਮ ਬੇੜ੍ਹਿਓਤ ਸੀਤਲਤਾ ਨਾਹਿ ਤਜੰਤ (ਸਲੋ: ਸੰਕ੍ਰੀ) ।" ਤੁਲਸੀ ਦਾਸ ਨੇ ਲਿਖਿਆ ਹੈ ਜੈਸੇ—ਘਟਤ ਨਾ ਅੰਕ ਨੌ ਨੌ'ਕੇ ਗਿਨਤ ਪਹਾਰ ॥ ਭਾਵੇਂ ਜਿਵੇਂ ਨਾਂਏ ਦੀ ਮੁਹਾਰਨੀ ਵਿਚ ੧×੯=੯, ੨×੯=੧੮ । ਭਾਵ ਇੱਕ ਤੇ ਅੱਠ ੯ ॥ ੩×੯=੨੭ । ਭਾਵ ਸੱਤ ਤੇ ਦੋ ਨੌਂ । ੯×੪=੩੬ । ਭਾਵ ਛੇ ਤੇ ਤਿੰਨ ਨੌ ਆਦਿ ੧੨×੯ =੧੦੮ । ਭਾਵ ਇਕ ਸੌ ਅੱਠ ਤੱਕ ਨਾਂਵਿਆ ਅੰਕ ਬਰਾਬਰ ਬਣਦਾ ਚਲਾ ਜਾਵੇਗਾ । ਇਸ ਲਈ ਵਿਦਵਾਨਾਂ ਨੇ ਜਾਪ ਵਾਲੀ ਮਾਲਾ ਦੀ ਗਿਣਤੀ ਦੇ ਮਣਕੇ (੧੦੮) ਰਖੇ ਹਨ ।

ਕਈਆਂ ਸਜਨਾਂ ਨੇ ਰਾਜੇ ਦੀ ਪਦਵੀ ੧੦੫ ਤੇ ਕਿਸੇ ਨੇ ਹੋਰ ਮਹਾਂਪੁਰਸ਼ਾਂ ਦੀ ੧੧੧ ਇਕ ਸੌ ਗਿਆਰਾਂ ਲਿਖੀ ਹੋਈ ਹੈ ਪਰ ਇਨ੍ਹਾਂ ਦਾ ਨਿਰਣਾ ਸਾਨੂੰ ਕੋਈ ਮਲੂਮ ਨਹੀਂ ਹੋ ਸਕਿਆਂ ।

ਇਸ ਤਰ੍ਹਾਂ ਉਪ੍ਰੋਕਤ ਲਿਖੇ ਗਏ ਭਾਵਾਨੁਸਾਰ ਜਿਸ ਪ੍ਰਾਣੀ ਮਾਤ੍ਰ ਨੇ ਆਪਣਾ ਜੀਵਨ ਪ੍ਰਭੂ ਦੇ ਨਾਮ ਰਸ ਵਿਚ ਢਾਲ ਲਿਆਂ । ਓਹ ਸਦਾ ਕਾਇਮ-ਸਥਿੱਰ ਰਹਿੰਦਾ ਹੈ, ਅਤੇ ਓਹ ਆਪਣੀ ਇੱਛਾ ਅਨੁਸਾਰ ਅਨੇਕਾਂ ਰੂਪਾਂ ਵਿਚ ਪ੍ਰਗੱਟ ਹੋ ਸਕਦਾ ਹੈ । ਕਿਉਂ ਓਹ ਨਿਰਭਉ ਨਿਰਵੈਰ ਅਤੇ ਪ੍ਰਭੂ ਦੀ ਮੂਰਤ ਹੈ । ਹਰਿ ਹਰਿ ਜਨ ਦੂਈ ਏਕ ਹੈ, ਅਤੇ ਗਾਹ ਸੂਫੀ ਗਾਹ ਜ਼ਾਹਿਦ ਗਾਹ ਕਲੰਦਰ ਮੇ ਸਬਦ ।

ਉਪ੍ਰੋਕਤ ਸੰਸਾਰ ਦੀ ਵਿਧਾਨ ਵੰਡ ਪੁਰਖ ਪ੍ਰਾਣੀ ਦੀ ਜ਼ਿੰਦਗੀ ਦੇ ਸੁਧਾਰ ਲਈ ਲਿਖੀ ਗਈ ਹੈ ਤਾਂਕਿ ਪੁਰਖ ਇਸ ਉਪਦੇਸ਼ਾਨੁਸਾਰ ਆਪਣਾ ਜਨਮ ਸਫਲ ਕਰ ਸਕੇ ।



Sri Satguru Jagjit Singh Ji Elibrary NamdhariElibrary@gmail.com

### ਗੁਰਮਤ ਵਿਚ ਘੁੰਗਟ-(ਘੁੰਡ)

ਗੁਰਮ੍ਰਯਾਦਾ ਵਿਚ ਘੁੰਡ ਦਾ ਨਿਖੇਧ ਕੀਤਾ ਹੈ ਭਾਵ ਗੁਰ ਸਿੱਖਾਂ ਵਿਚ ਘੁਡ ਦੀ ਮਨਾਹੀ ਹੈ—ਆਸਾਰਾਗ 'ਚ ਕਬੀਰ ਬਾਣੀ ਇਸ ਪ੍ਰਕਾਰ ਲਿਖੀ ਹੈ :—

ਰਹੁ ਰਹੁ ਰੀ ਬਹੁਰੀਆ ਘੁੰਗਟ ਜਿਨ ਕਾਢੈ ।
ਅੰਤ ਕੀ ਬਾਰ ਲਹੈਗੀ ਨ ਆਢੈ ॥
ਘੁੰਗਟ ਕਾਢ ਗਈ ਤੇਰੀ ਆਗੈ ।
ਉਨਕੀ ਗੈਲ ਤੋਹਿ ਜਿਨ ਲਾਗੈ ॥
ਘੁੰਗਟ ਕਾਢੇ ਕੀ ਇਹੈ ਵਿਡਾਈ ।
ਦਿਨ ਦਸ ਪਾਚ ਬਹੂ ਭਲੇ ਆਈ ।

ਭਾਵ ਹੇਬਹੂ ! ਇਸ ਘੁੰਡ ਦੀ ਰਸਮ ਤੋਂ ਹਟ ਕਿਉਂਕਿ ਜੋ ਤੂੰ ਏਹੁ ਘੁੰਡ ਕਢਦੀ ਹੈ ਇਸ ਦਾ ਕੋਈ ਲਾਭ ਨਹੀਂ ਜੇਹੜੀਆਂ ਇਸਤ੍ਰੀਆਂ ਤੈਥੋਂ ਪਹਲਾਂ ਘੁੰਡ ਕਢਦੀਆਂ ਰਹੀਆਂ ਸਨ । ਤੂੰ ਓਹਨਾ ਦੀ ਰੀਸ ਨਾ ਕਰ । ਘੁੰਗਟ ਕੱਢਣ ਦੀ ਕੇਵਲ ਏਹ ਹੀ ਵਿਡਆਈ ਹੈ ਕਿ ਪੰਜ ਦਸ ਦਿਨ ਤੱਕ ਨਵੀ ਵਿਆਹੀ ਵਹੁਟੀ ਦੀ ਸੌਹਰੇ ਘਰ ਆਈ ਦੀ ਪਛਾਣ ਹੁੰਦੀ ਹੈ, ਹੋਰ ਕੋਈ ਲਾਭ ਨਹੀਂ ਘੁੰਡ ਦਾ ਰਿਵਾਜ ਕੇਵਲ ਕਿਸੇ ਤੋਂ ਭੈਯ ਕਰਕੇ ਯਾ ਬਦੇਸੀਆਂ ਤੋਂ ਸ਼ਰਮ (ਲਾਜ) ਕਰਨੀ ਹੈ । ਪ੍ਰੰਤੂ ਜਿਸ ਇਸਤ੍ਰੀ ਵਿਚ ਵੱਡਿਆਂ ਦੀ ਇੱਜਤ ਆਬਰੂ ਦਾ ਖਿਆਲ ਨਹੀਂ, ਉਸਦਾ ਬਾਹਰਦਾ ਪੜਦਾ ਕਰਨਾ ਕਿਸੇ ਕੰਮ ਨਹੀਂ, ਇਸ ਕਰਕੇ ਗੁਰਮਤ ਵਿਚ ਘੁੰਡ ਦਾ ਨਖੇਧ ਕੀਤਾ ਹੈ ।

ਇਸ ਪਰ ਵਾਰਸਸ਼ਾਹ ਨੇ ਵੀ ਲਿਖਿਆ ਹੈ:—

ਘੁੰਡ ਹੁਸਨ ਦੀ ਆਬ ਗੁਆ ਦਿੰਦਾ ।
ਲੰਮੇ ਘੁੰਡ ਵਾਲੀ ਰੜੇ ਮਾਰੀਏ ਨੀ ।
ਵਾਰਸਸ਼ਾਹ ਨਾ ਦੱਬੀਏ ਮੋਤੀਆਂ ਨੂੰ ।
ਫੁੱਲ ਅੱਗ ਦੇ ਵਿਚ ਨਾ ਸਾੜੀਏ ਨੀ ।

### ਸੁਫੇਦ ਬੱਸਤ੍ਰ-ਚਿੱਟੇ ਕੱਪੜੇ

ਸੁਫੇਦ ਕੱਪੜਿਆਂ ਦੀ ਪਰੰਪਰਾ ਬਹੁਤ ਪੁਰਾਣੀ ਚਲੀ ਆ ਰਹੀ ਹੈ । ਇਸ ਦੀ ਮਹਾਨਤਾਂ ਸੰਸਾਰ ਪ੍ਰਸਿੱਧ ਹੈ । ਅੰਗ੍ਰੇਜ਼ ਕੁੜੀ ਜਦ ਆਪਣੇ ਵਿਵਾਹ ਲਈ ਚਰਚ ਵਿੱਚ ਔਂਦੀ ਹੈ ਤਾਂ ਉਹੁ ਚਿੱਟੇ ਬੱਸਤ੍ਰ ਪਹਿਨ ਲਾੜੀ ਬਣਦੀ ਹੈ, ਇਸਦਾ ਭਾਵ ਹੈ ਕਿ ਚਿੱਟਾ



Sri Satguru Jagjit Singh Ji Elibrary NamdhariElibrary@gmail.com

ਰੰਗ ਸੁਲਾਹ ਕੁਲ ਅਤੇ ਬਜ਼ੁਰਗੀ (ਧਰਮ) ਦਾ ਪ੍ਰਤੀਕ ਹੈ। ਜਦ ਵੀ ਕਿਸੇ ਰਾਜੇ ਵਲੋਂ ਲੜਾਈ ਬੰਦ ਕਰਨੀ ਹੁੰਦੀ ਹੈ ਤਾਂ ਓਹੁ ਅਪਣੇ ਵਲੋਂ ਚਿੱਟਾ ਝੰਡਾ ਪੇਸ਼ ਕਰਦਾ ਹੈ, ਇਸ ਤੇ ਝਗੜਾ ਬੰਦ ਹੋ ਜਾਂਦਾ ਹੈ।

ਅੰਮ੍ਰਿਤ ਸੰਸਕਾਰ ਸਮੇ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸਾ ਸਾਜਨ ਕਾਲ ਆਪ ਅਤੇ ਪੰਜਾ ਪਿਆਰਿਆਂ ਦੇ ਸੁਫੈਦ ਕਪੜੇ ਪਹਿਨਾਏ ਸਨ। ਦਿਖੋ ਕਲਗੀਧਰ ਚਮਤਕਾਰ ਵਿਚ "ਅੰਮ੍ਰਿਤ ਸੰਸਕਾਰ" ਰਚਤ ਭਾ: ਵੀ: ਸਿੰਘ)

ਹਿਕਮਤ ਦੇ ਗ੍ਰੰਥ ਮੇਘ ਬਨੋਦ ਵਿਚ ਚਿੱਟੇ ਕਪੜਿਆਂ ਦੇ ਪਹਿਨਣ ਨਾਲ ਰੋਗੀ ਦੇ ਦੁੱਖ ਦੂਰ ਕਰਨੇ ਲਿਖੇ ਹੰਨ ਜੈਸੇ —

ਸ੍ਵੇਤ ਬਸਨ ਪਿੱਤ ਕੋ ਜੀਤ। ਤ੍ਰਿਸ਼ਨਾ ਦਾਹਿ ਸਮੇਂ ਹਿਤ ਮੀਤ॥
ਓਜ ਬ੍ਰਿੱਧ ਕਫ ਬੀਰਜ ਧਰੇ। ਸ੍ਵੇਤ ਬਸਨ ਏਤੇ ਗੁਨ ਕਰੇ॥

ਭਾਵ—ਸੁਫੇਦ ਕੱਪੜਾ ਗਰਮੀਂ ਦੀ ਸੜਨ ਤੋਂ ਬਚੋਂਦਾ ਹੈ, ਅਤੇ ਬਲ ਬੀਰਜ ਨੂੰ ਵਧੌਂਦਾ ਹੈ।

ਸਫੈਦ ਬਸਤ੍ਰ ਪਹਿਨ ਗੁਰਸਿੱਖ ਸਤਿਸੰਗ ਗੁਰੂ ਦੀ ਹਜ਼ੂਰੀ ਵਿਚ ਬੈਠੇ ਇਓਂ ਸੋਭਾ ਦੇਂਦੇ ਹੰਨ ਜੈਸੇ ਮਾਨਸਰੋਵਰ ਤੇ ਹੰਸ, ਅਤੇ ਕੀਰਤਨ ਦਾ ਰਸ ਚੁਗਦੇ ਗੁਰ ਸਿੱਖ ਨੂੰ ਪ੍ਰਮ ਹੰਸ ਦੀ ਪਦਵੀ ਮਿਲੀ ਹੈ :

ਭਾ: ਗੁ: ਜੀਨੇ ਹੰਸ ਅਤੇ ਪ੍ਰਮ ਹੰਸ ਦੇ ਲੱਛਣ ਲਿਖੇ ਹੰਨ :—
ਓਦਾਰਣ :—

"ਮਾਨ ਸਰ ਹੰਸ ਸਾਧੂ ਸੰਗਤ ਪਰਮ ਹੰਸ।
ਪ੍ਰੇਮਸ਼ਾਲ ਪ੍ਰੇਮ ਪ੍ਰਭਾ ਨਿਰਭਲ ਆਵਦੀ।
ਉਤ ਮੁਕਤਾਹਲ ਅਹਾਰ ਦੁਤੀਆਂ ਨਾਸਤ ਹੈ।
ਇਤ ਗੁਰ ਸਬਦ ਸੁਰਤਿ ਲਿਵ ਲਾਵਦੀ।
ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤਿ।
ਇਤ ਗੁਰਮਤਿ ਦੁਰਮਤਿ ਸਮਝਾਵਦੀ।
ਉਤ ਬਗ ਹੰਸ ਵੰਸ ਦੁਬਦਾ ਨਾ ਮੇਟਿ ਸਕੈ।
ਇਤ ਕਾਗ ਪਾਗ ਸਮ ਰੂਪ ਕੈ ਮਿਲਾਵਦੀ।
[ਕ: ੩੪੦]

ਭਾਵ—ਜੈਸੇ ਮਾਨ ਸ੍ਰੋਵਰ ਤੇ ਹੰਸ [ਪੱਛੀ] ਮੋਤੀ ਚੁਗ ਕੇ ਖਾਂਦੇ ਹੰਨ :—



Sri Satguru Jagjit Singh Ji Elibrary NamdhariElibrary@gmail.com

ਤੈਸੇ ਹੀ ਸਾਧੂ-ਸੰਤ ਪਰਮ ਹੰਸ ਹੰਨ, ਗੁਰੂ ਸੰਗਤਿ ਵਿਚ ਗੁਰੂ ਦੀ ਬਾਣੀ ਵਿਚੋਂ ਸਬਦ ਰੂਪ ਸੁਚੇ ਮੋਤੀਆਂ ਦਾ ਰਸ ਪ੍ਰਾਪਤ ਕਰਦੇ ਹੰਨ।

ਔਰ—ਸਿੱਖ ਹੰਸ ਸਰਵਰ [ਗੁਰ ਸੰਗਤ ਵਿਚ] ਇਕੱਠੇ ਹੋਇ।

[ਵਾ: ਰਾ: ਮ: ੫]

ਅਤੇ ਬਗਲੇ ਤੇ ਬੁਨ ਹੰਸਲਾ ਹੋਵੇ। [ਬਸੰ: ਮ: ੧]

ਭਾਵ—ਸਤਿਸੰਗ ਦੇ ਪ੍ਰਭਾਓ ਨਾਲ ਪਖੰਡੀ ਤੇ ਵਿਵੇਕੀ-ਪਰਮਹੰਸ ਹੋ ਜਾਂਦਾ ਹੈ।

ਜੈਸੇ—ਮਾਨਸਰ ਤਿਆਗ ਹੰਸ ਆਨ ਸਰ ਜਾਤ।
ਖਾਤ ਨ ਮੁਕਤ ਫਲ ਭੁਗਤਿ ਜੁਗਤਿ ਕੋ [ਭਾ: ਗੁ: ਕ:]

ਭਾਵ—ਜੈਸੇ ਹੰਸ ਮਾਨਸਰ ਨੂੰ ਛੱਡ ਕੇ ਹੋਰਨਾ ਛਪੜਾ ਤਲਾਵਾਂ ਤੇ ਜਾ ਕੇ ਕੁਛ ਨਹੀਂ ਖਾਂਦਾ। ਭਾਵ ਉਸ ਨੂੰ ਇਸਦੀ ਮੁਕਤਿ ਫਲ ਖਰਾਕ ਨਹੀ ਮਿਲਦੀ, ਤੈਸੇ ਹੀ ਗੁਰਸਿੱਖ, ਪਰਮਹੰਸਾਂ ਨੂੰ ਗੁਰੂ ਘਰ ਛੱਡ ਕੇ ਆਨ [ਹੋਰ] ਦੇਵੀ ਦੇਵਤਿਆਂ ਦੀ ਸੰਗਤਿ ਵਿਚੋਂ ਗੁਰਬਾਣੀ ਜੇਹਾ ਰਸ [ਸੁਆਦ] ਪ੍ਰਾਪਤ ਨਹੀਂ ਹੁੰਦਾ। ਕੇਵਲ ਭਟੱਕਣਾ ਹੀ ਮਿਲਦੀ ਹੈ। ਯਥਾ ਹੋਰ :—

**ਹੰਸ-ਬਗੁਲਾ**

ਹੰਸ ਨਾ ਛਡੇ ਮਾਨਸਰ ਬਗੁਲਾ ਬੁਹ ਛੱਪੜ ਫਿਰ ਆਵੈ ॥
ਕੋਇਲ ਬੋਲੇ ਅੰਬ ਵਣ, ਵਣ ਵਣ ਕਾਉਂ ਕੁਥਾਉ ਕੁਕਾਵੈ ॥
ਵੱਗ ਨ ਹੋਵਨ ਕੁੱਤਿਆ। ਗਾਂਈ ਗੋਰਖ ਵੰਸ ਵਧਾਵੈ ॥
ਸੁਫਲ ਬਿਰਖ ਨਿਹਚਲ ਮੱਤੀ ਨਿਹਫਲ ਮਾਣਸ ਦਹਦਿਸ ਧਾਵੈ ॥
ਅੱਗ ਤੱਤੀ ਜਲੁ ਸੀਅਲਾ! ਸਿਰਿ ਉਚਾ ਨੀਵਾ ਕਰ ਦਿਖਲਾਵੈ ॥
ਗੁਰਮੁਖ ਆਪ ਗੁਵਾਇਆਂ ਮਨ ਮੁਖਿ ਮੂਰਖ ਆਪ ਗਣਾਵੈ ॥
ਦੂਜਾ ਭਾਉ ਕੁਦਾਉ ਹਰਾਵੈ ॥ (ਵਾਰ ੫ ਪਉੜੀ੧੯) ਭਾ: ਗੁ:

ਭਾਵ—

ਜੈਸੇ ਹੰਸ ਮਾਨਸਰ ਨਹੀ ਛੱਡਦਾ, ਤੈਸੇ ਗੁਰਮੁਖ ਗੁਰ ਸੰਗਤ ਨਹੀ ਛਡਦਾ, ਕੋਇਲ ਅੰਬਾ ਦੇ ਪੋਤਾਂ ਤੇ ਬੋਲਦੀ ਹੈ, ਕਾਉ [ਮਨਮੁਖ] ਵਿਸ਼ੇ ਵਕਾਰ ਛੱਪੜਾਂ ਤੇ ਫਿਰਦਾ ਹੈ, ਜਿਵੇ ਕੁੱਤਿਆਂ ਦੇ ਵੱਗ ਨਹੀਂ ਹੁੰਦੇ, ਗਊਆਂ ਆਪਣੇ ਦੁਧ ਨਾਲ ਵੰਸ 'ਚ ਵਾਧਾ ਕਰਦੀਆ ਹਨ, ਫਲ ਦੇਣ ਵਾਲਾ ਬ੍ਰਿਖਸ਼ ਗੁਰਮੁਖ ਦੀ ਤਰਾ ਇਕ ਥਾਂ ਟਿਕਆ ਰਹਿੰਦਾ ਹੈ, ਮਨਮੁਖ ਕਉਆ ਥਾਂ ਥਾਂ ਭਟੱਕਦਾ ਹੈ। ਅੱਗ ਤੱਤੀ-ਅਭਿਮਾਨੀ ਹੈ, ਪਾਣੀ ਗੁਰਮੁਖ ਸੀਤਲ ਨੀਵਾਂ ਨਿਵਕੇ ਚਲਦਾ ਹੈ, ਹੋਹ ਸਗਲ ਕੀ ਰੇਣਕਾ ਤਓ ਆਓ ਹੁਮਾਰੇ ਪਾਸ। ਗੁਰਮੁਖ ਨੇ ਆਪਾ ਗੁਵਾ ਦਿਤਾ ਹੈ, ਮਨਮੁਖ ਮੂਰਖ ਅਭਿਮਾਨੀਹੈ ਆਪਣਾ ਆਪ ਜਣੇਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਭਾਵ—ਏਕ ਛੋਡ ਦੂਜੇ ਲਗੇ ਭੁੱਖੇ ਸੇ ਵਣਜਾਰਿਆ ॥ ਦੂਜਾ ਭਾਇ [ਦ੍ਵੈਤ ਭਾਵ] ਉਲਟੇ ਦਾਓ ਨਾਲ ਹਰਾ ਦਿੰਦਾ ਹੈ।

## ਸਿੱਖ ਧਰਮ ਗ੍ਰਿਹਸਤ ਵਿਚ ਨਾਰੀ — ਇਸਤ੍ਰੀ ਦੀ ਮਹਾਨਤਾ

॥ ੩ ॥ ਆਸਾ ਮ: ੫

ਕਾਮ ਕ੍ਰੋਧੁ ਲੋਭ ਮੋਹੁ ਮਿਟਾਵੈ ॥ ਛੁਟਕੈ ਦੁਰਮਤਿ ਅਪਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥

ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ॥
ਆਤਮ ਸੁਧ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹਾ ਅਚਾਰ ਇਹੀ ਬਿਉਹਾਰਾ ਆਗਿਆ ਮਾਨ ਭਗਤਿ ਹੋਇ ਤੁਮਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲ ਪਾਰ ਉਤਾਰੀ ॥੩॥੨੮॥

ਭਾ: ਗੁ:

ਜੈਸੇਕੁਲਾ ਬਧੂ ਬੁਧਿਵੰਤ ਸੁਸਰਾਰ ਬਿਖੈ।
ਸਾਵਧਾਨ ਚੇਤਨ ਰਹੈ ਆਚਾਰ ਚਾਰਕੈ।

ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ।
ਖਾਨ ਪਾਨ ਗਿਆਨ ਜਾਨ ਪਤਿ ਪ੍ਰਵਾਰਕੈ ॥
ਮਧੁਰ ਬਚਨ ਗੁਰੁਜਨ ਸੋ ਲਵੰਨ ਲਜਾ।
ਸੇਜਾ ਸਮੈ ਰਸ ਪ੍ਰੇਮ ਪੂਰਨ ਭਤਾਰਕੈ ॥
ਤੈਸੇ ਗੁਰ ਸਿੱਖ ਸਰਬੋਤਮ ਪ੍ਰਬੀਨ ਪੂਜਾ।
ਬ੍ਰਹੱਮ ਧਿਆਨ ਕਰੈ ਗੁਰ ਮੂਰਤਿ ਅਪਾਰਕੈ ॥

ਔਰ— ਜੈਸੇ ਪਤਿਬ੍ਰੱਤਾ ਕੋ ਪਵਿੱਤ੍ਰ ਘਰਬਾਸ ਨਾਤ।
ਅਸਨ ਬਸਨ ਧਨ ਧਾਮ ਲੋਕਾ ਚਾਰ ਹੈ ॥
ਤਾਤ ਮਾਤ ਭ੍ਰਾਤ ਸੁਤ ਸਜਨ ਕੁਟੰਬ ਸਖਾ।
ਸੇਵਾ ਗੁਰਜਨ ਸੁਖ ਅਭਿਰਨ ਸ੍ਰਿੰਗਾਰ ਹੈ ॥



Sri Satguru Jagjit Singh Ji Elibrary NamdhariElibrary@gmail.com

ਕਿਰਤਿ ਬਿਰਤਿ ਪ੍ਰਸੂਤ ਮਲਮੂਤ੍ਰ ਧਾਰੀ।
ਸਕਲ ਪਵਿੱਤ੍ਰ ਜੋਈ ਬਿਬੇਧ ਆਚਾਰ ਹੈ॥
ਤੈਸੇ ਗੁਰ ਸਿੱਖਨ ਕੋ ਲੇਪਨ ਗ੍ਰਿਹਸਤਾਸੇ॥
ਆਨ ਦੇਵ ਸੇਵ ਧ੍ਰਿੱਗ ਜਨਮ ਸੰਸਾਰ ਹੈ॥ (੮੩)

**ਭਾ: ਗੁ: ਪਉੜੀ ੧੬ ਵਾਰ ੫**

ਪੇਵਕੜੈ ਘਰਿ ਲਾਡਲੀ ਮਾਊ ਪੀਊ ਖਰੀ ਪਿਆਰੀ॥
ਵਿਚ ਭਰਾਵਾਂ ਭੈਣੜੀ ਨਾਨਕ ਦਾਦਕ ਸੱਪਰ ਵਾਰੀ॥
ਲੱਖ ਖ਼ਰਚ ਵੀਆਹੀਐ ਗਹਣੇ ਦਾਜ ਸਾਜ ਅਤਿ ਭਾਰੀ॥
ਸਹੁਰੜੇ ਘਰਿ ਮੰਨੀਐ ਸਣ ਖੱਤੀ ਪਰਵਾਰ ਸੁਧਾਰੀ॥
ਸੁਖ ਮਾਣੇ ਪਿਰ ਸੇਜੜੀ ਛੱਤੀ ਬਿੰਜਨ ਸਦਾ ਸੀਗਾਰੀ॥
ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥
ਗੁਰਮੁਖ ਸੁਖ ਫਲ ਨਿਹਚਉ ਨਾਰੀ॥੧੬॥

**ਨਾਰੀ-ਇਸਤ੍ਰੀ ਦੀਆਂ ਕਿਸਮਾਂ**

ਕਾਮ ਸ਼ਾਸਤ੍ਰ ਵਿਚ ਨਾਰੀ ਦੀਆਂ ਚਾਰ ਜਾਤੀਆਂ ਲਿਖੀਆਂ ਹਨ। ਯਥਾ—
੧. ਪਦਮਿਨੀ ੨. ਚਿਤ੍ਰਨੀ ੩. ਸ਼ੰਖਿਨੀ ੪. ਹਸ੍ਤਿਨੀ।

**ਲੱਛਣ—ਰਸਕ ਪ੍ਰਿਯਾ ਵਿਚੋਂ**

ਪਦਮਿਨੀ ਲੱਛਣ—ਸਹਜ ਸੁਗੰਧ ਸੁਰੂਪ ਸੁਭ, ਪੁੰਨਜ ਪ੍ਰੇਮ ਸੁਖ ਦਾਨ॥
ਤਨ ਤਨ ਭੋਜਨ ਰੋਸ ਰਤਿ ਨਿੰਦ੍ਰਾ ਮਾਨ ਬਿਖਾਨ॥
ਸਲਜ ਸੁਬੁਧ ਉਦਾਰ ਮ੍ਰਿਦੁ ਹਾਸ ਬਾਸ ਸੁਚਿ ਅੰਗ॥
ਅਮਲ ਅਲੋਮ ਅਨੰਗ ਭੁਵਿ ਪਦਮਿਨੀ ਹਾਟਕ ਰੰਗ॥
(ਰਸਕ ਪ੍ਰਿਯਾ)

ਔਰ— ਭਵਤਿ ਕੰਮਲ ਨੇਤ੍ਰਾ ਲਸਿਕਾ ਕਸ਼ੱਦ੍ਰ ਰੁੰਧਾ ਅਵਿਰਲ ਕੁੱਚ ਯੁਗਾਮ॥
ਦੀਰਘ ਕੇਸ਼ੀ ਕ੍ਰਿਸਾਂਗੀ ਮ੍ਰਿਦ ਚਰਣ ਸੁਸੀਲਾ ਗੀਤ ਨ੍ਰਿੱਤਯਾਨੁ ਰੁਕ੍ਰ॥
ਸਕਲ ਤਨੁ ਸੁਵੇਸ਼ਾ ਪਦਮਿਨੀ ਪਦਮ ਗੰਧਾ॥

ਅਰਥਾਤ—ਨੈਣ ਕੰਮਲ ਵਰਗੇ, ਨਾਸਾਂ ਦੇ ਛੇਕ ਛੋਟੇ, ਕੇਸ, ਲੰਮੇ, ਅੰਗ ਸੁਹਲ, ਪੈਰ ਕੂਲੇ, ਸੁਭਾਵ ਦੀ ਕੋਮਲ, ਗਉਣ ਤੇ ਨ੍ਰਿੱਤ ਦੀ ਪ੍ਰੇਮਣ ਸਾਰੇ ਸਰੀਰ ਦੀ ਪੋਸ਼ਾਕ ਸੋਹਣੀ ਰਖਣ ਵਾਲੀ ਅਤੇ ਕੰਮਲ ਦੀ ਖੁਸ਼ਬੂ ਵਾਲੀ।



Sri Satguru Jagjit Singh Ji Elibrary NamdhariElibrary@gmail.com

**ਚਿਤ੍ਰਨੀ ਲੱਛਣ**

ਨ੍ਰਿੱਤ ਗੀਤ ਕਵਿਤਾ ਰੁਚੈ ਅਚੇਲ ਚਿੱਤ ਚਲ ਦ੍ਰਿਸਟਿ ॥
ਬਿਹਰਤ ਰਤਿ ਅਤਿ ਸੁਰਤ ਜਲ ਮੁਖ ਸੁਗੰਧ ਕੀ ਸ੍ਰਿਟਿ ॥
ਵਿਰਲ ਲੋਮ ਤਨ ਮਦਨ ਗ੍ਰਿਹੁ ਭਾਵਤ ਸਕਲ ਸੁਵਾਸ ॥
ਮਿੱਤ੍ਰ ਚਿੱਤ ਪ੍ਰਿਯਾ ਚਿੱਤ੍ਰਿਣੀ ਜਾਨਹ ਕੇਸਵ ਦਾਸ ॥

(ਰਸਕ ਪ੍ਰਿਯਾ)

**ਸ਼ੰਖਿਨੀ ਲੱਛਣ**

ਕੋਪ ਸ਼ੀਲ ਕੋਵਿਦ ਕਪਟ ਸਜਲ ਸਲੋਮ ਸ਼ਰੀਰ ॥
ਅਰੁਣ ਵਸਨ ਨਖ ਦਾਨ ਰੁਚਿ ਨਿਲੱਜ ਨਿ ਸ਼ੰਕ ਅਧੀਰ ॥
ਕਾਰ ਗੰਧ ਯੁਤ ਮਾਰ ਜਲ ਤਪਤ ਭੂਰ ਭਗ ਹੋਯ ॥
ਸੁਰਤਾ ਰਤਿ ਅਤਿ ਸੰਖਿਨੀ ਵਰਣਤ ਕਵਿ ਜਨ ਲੋਯ ॥

(ਰਸਕ ਪ੍ਰਿਯਾ)

**ਹਸ੍ਤਿਨੀ ਲੱਛਣ**

ਥੂਲ ਅੰਗੁਲੀ ਚਰਣ ਮੁਖ ਅਧਰ ਭ੍ਰਿਕੁੱਟਿ ਬਦੁ ਬੋਲ ॥
ਮਦਨ ਸਦਨ ਰਦ ਕੰਧਰਾ ਮੰਦ ਚਾਲ ਚਿਤ ਲੋਲ ॥
ਸ੍ਵੇਦ ਮਦਨ ਜਲ ਦ੍ਵਿਰਦ ਮਦ ਗੰਧਿਤ ਭੂਰੇ ਕੇਸ਼ ॥
ਅਤਿ ਤੀਛਨ ਬਹੁ ਲੋਮ ਤਨ ਭਨਿ ਹਸ੍ਤਿਨਿ ਇਹ ਵੇਸ ॥

(ਰਸਕ ਪ੍ਰਿਯਾ)

**ਪੁਰਖ ਲੱਛਣ**

**(ਸ਼ਸਕ ਪੁਰਖ ਦੇ ਲੱਛਣ)** (ਸਹਾ)

(ੳ) ਜਿਸ ਦਾ ਸਰੀਰ ਸਡੋਲ ਨੇਤ੍ਰ ਮ੍ਰਿੱਗ ਜੇਹੇ ਚੇਹਰਾ ਖਿੜਿਆ ਹੋਇਆ ਰੰਗ ਗੋਰਾ ਚੋੜਾ ਮੱਥਾ ਦੰਦ ਉਜੱਲ ਅਤੇ ਵਿਰਲੇ, ਕੇਸ਼ ਕੋਮਲ, ਨੱਕ ਤਿੱਖਾ ਅਤੇ ਲੰਮੀਆਂ ਬਾਹਾਂ ਹਨ, ਜੋ ਚੱਤ੍ਰ ਉਦਮੀ, ਧਰਮੀ, ਉਪਕਾਰੀ ਭੋਗ ਦੀ ਘਟ ਇਛਾ ਰਖਣ ਵਾਲਾ, ਸੱਤਯਵਕਤਾ ਹੈ, ਓਹੁ **"ਸਸ਼ਕ ਹੈ।"** ਇਸ ਨਾਲ ਪਦਮਿਨੀ **ਇਸਤ੍ਰੀ ਜਾਤਿ** ਦੀ ਸਬੰਧ ਹੋਣਾ ਯੋਗਯ ਹੈ।

**ਮ੍ਰਿੱਗ (ਹਿਰਣ) ਜਾਤਿ ਪੁਰਖ ਲੱਛਣ**

(ਅ) ਸੁੰਦਰ, ਚਪਲ, ਮੇਹਨਤੀ, ਤੁਰਨ ਵਿਚ ਚਲਾਕ ਹਸਯਰਸ ਨਾਚ ਗਯਨ ਅਤੇ ਦਿਖਾਵੇ (ਅਡੰਬਰ) ਦਾ ਪ੍ਰੇਮੀ ਆਮਦਨ ਤੋਂ ਜ਼ਿਆਦਾ ਖਰਚ ਕਰਨ ਵਾਲਾ, ਬਹੁਤ ਮਿੱਤ੍ਰ ਵਧਾਉਣ ਵਾਲਾ, **"ਮ੍ਰਿੱਗ ਪੁਰਸ਼ ਹੈ।"** ਇਸ ਨਾਲ ਚਿਤ੍ਰਨੀ ਇਸਤ੍ਰੀ ਦਾ ਸਬੰਧ ਹੋਣਾ ਯੋਗਯ ਹੈ।



Sri Satguru Jagjit Singh Ji Elibrary NamdhariElibrary@gmail.com

**ਬ੍ਰਿਖਭ (ਬੈਲ) ਪੁਰਖ ਲੱਛਣ**

(ਦ) ਸਿਰ ਵਡਾ ਨੇਤ੍ਰ ਔਸਤ ਦਰਜੇ ਦੇ ਮਥਾ ਅੰਦਰ ਨੂੰ ਝੁਕਿਆ ਹੋਇਆ ਵਾਲ ਮੋਟੇ ਅਤੇ ਰੁਖੇ, ਬਲਵਾਨ, ਕੰਮ ਕਰਦਾ ਨਾ ਥੱਕਣ ਵਾਲਾ, ਨੱਕ ਚੌੜਾ, ਕੰਨਾ ਤੇ ਰੋਮ (ਵਾਲ) ਦੰਦ ਸੰਘਣੇ, ਭੋਗ ਦੀ ਬਹੁਤੀ ਇਛਾ ਵਾਲਾ, **"ਬ੍ਰਿਖਭ ਪੁਰਖ ਹੈ।"** ਇਸ ਨਾਲ ਸੰਖਿਨੀ ਇਸਤ੍ਰੀ ਦੀ ਜਾਤੀ ਦਾ ਮੇਲ ਹੈ।

**ਅਸ੍ਵ-ਤੁਰੰਗ-ਘੋੜਾ ਪੁਰਖ ਲੱਛਣ**

(ਸ) (ਅਸ੍ਵ ਅਥਵਾ ਤੁਰੰਗ) ਪੁਰਖ ਓਹ ਹੈ ਜੋ ਬਹੁਤ ਘੁਮੰਡੀ ਲੜਾਕਾ ਫਰੇਬੀ ਅਤੇ ਸੁਵਾਰਥੀ ਹੈ, ਜਿਸ ਦਾ ਸਰੀਰ ਸਡੌਲ ਨਹੀਂ ਅੰਗ ਮੋਟੇ ਰੋਮਾਂ (ਵਾਲਾਂ) ਨਾਲ ਢਕੇ ਹੋਏ ਹਨ। ਕਾਮ ਦੇ ਅਧੀਨ ਹੈ। ਧਨ ਦਾ ਪ੍ਰੇਮੀ ਮੇਹਨਤ ਤੋਂ ਕੰਨੀ ਕਤਰੌਣ ਵਾਲਾ, ਵਚਨ ਦੀ ਪਾਲਣਾ ਨਾ ਕਰਨ ਵਾਲਾ, ਹਠੀਆ, ਮਲੀਨ ਰਹਿਣ ਵਾਲਾ ਢੰਗਾ ਤੋਂ ਖਾਲੀ ਹੈ। ਇਸ ਨਾਲ ਹਸ੍ਤਿਨੀ ਜਾਤੀ ਦੀ ਇਸਤ੍ਰੀ ਦਾ ਸਬੰਧ ਹੋਣਾ ਠੀਕ ਹੈ।

## ਮਹਾਨ ਕੋਸ਼ ਵਿਚੋਂ

ਉਮਰ ਦੇ ਲਿਹਾਜ਼ ਨਾਲ ਨਾਰੀ-ਇਸਤ੍ਰੀ ਦੇ ਚਾਰ ਭੇਦ ਲਿਖੇ ਹਨ—

੧. ਬਾਲਾ, ੨. ਤਰੁਣੀ, ੩. ਪੌਢਾ, ੪. ਬ੍ਰਿੱਧਾ। ਭਾਵ ਸੋਲ੍ਹਾਂ ਵਰ੍ਹੇ ਤੀਕ ਦੀ "ਬਾਲਾ", ਤੀਹ ਵਰ੍ਹੇ ਤੀਕ ਦੀ "ਤਰੁਣੀ" ਪੰਜਾਹ ਵਰਸ ਤੀਕ "ਪ੍ਰੌਢ" ਅਤੇ ਇਸ ਤੋਂ ਉਪਰ "ਬ੍ਰਿਧ" ਹੈ।

ਬ੍ਰਹੰਮ ਵੈਵਰਤ ਵਿਚ ਤਿੰਨ ਪ੍ਰਕਾਰ ਦੀ ਨਾਰੀ ਲਿਖੀ ਹੈ।

੧. ਸ੍ਵਾਧੀ, ੨, ਭੋਗਜਾ, ੩. ਕੁਲਟਾ। ਪ੍ਰੇਮ ਭਾਵਨਾ ਨਾਲ ਸੇਵਾ ਕਰਨ ਅਤੇ ਕੇਵਲ ਸੰਤਾਨ ਦੇ ਮਨੋਰਥ ਨਾਲ ਪਤੀ ਦਾ ਸੰਗ ਕਰਨ ਵਾਲੀ "ਸ੍ਵਾਧੀ" ਕਹੀ ਹੈ। ੨. ਪਦਾਰਥਾਂ ਦੀ ਇੱਛਾ ਅਤੇ ਭੋਗ ਵਾਸ਼ਨਾ ਨਾਲ ਪਤੀ ਨੂੰ ਸੇਵਨ ਵਾਲੀ "ਭੋਗਜ" ਹੈ, ੩. ਕਪਟ ਅਰ ਲਾਲਚ ਨਾਲ ਪਤੀ ਦੀ ਸੇਵਾ ਕਰਨ ਵਾਲੀ ਅਤੇ ਕਾਮ ਵਸ ਹੋ ਕੇ ਪਰਾਏ ਪੁਰਖਾਂ ਨਾਲ ਪ੍ਰੀਤ ਰਖਣ ਵਾਲੀ "ਕੁਲਟਾ" ਹੈ।

**ਹਿੰਦੂ ਮਤ ਅਨੁਸਾਰ ਨਾਰੀ ਨੂੰ ਕਦੇ ਸੁਤੰਤ੍ਰਤਾ [ਅਜ਼ਾਦੀ] ਨਹੀਂ ਹੈ।** ਨਾਰੀ ਨੂੰ ਵੇਦ ਵਿਦੱਯਾ ਦਾ ਅਧਿਕਾਰ ਤਾਂ ਕੀ ਹੋਣਾ ਸੀ ਮਨੂ ਸਿਮ੍ਰਤੀ ਆ: ੫ ਸਲੋਕ-੧੪੭-੪੯]

ਇਸਤ੍ਰੀਆਂ ਦੇ ਸੰਸਕਾਰ ਭੀ ਵੇਦ ਮੰਤ੍ਰਾਂ ਨਾਲ ਨਹੀਂ ਕੀਤੇ ਜਾਂਦੇ ਇਹ ਧਰਮ ਦਾ ਫੈਸਲਾ ਹੈ। ਇਸਤ੍ਰੀਆਂ ਅਗਿਆਨਿਣਾਂ ਵੇਦ ਮੰਤ੍ਰਾਂ ਦੇ ਅਧਿਕਾਰ ਤੋਂ ਵਾਂਝੀਆਂ ਅਤੇ ਝੂਠ ਦੀ ਮੂਰਤਿ ਹੰਨ। [ਮਨੂ ਅੱਧਿ: ੯ ਸਲੋਕ ੧੮]



Sri Satguru Jagjit Singh Ji Elibrary NamdhariElibrary@gmail.com

ਪ੍ਰੰਤੂ—ਨਾਰੀ ਨਿੰਦਾ ਮਤਿ ਕਰੋ–ਨਾਰੀ ਨਰਕੀ ਖਾਨ ॥
ਨਾਰੀ ਤੇ ਨਰਿ ਓਪਜਹਿ ਧਰੂਹ ਪ੍ਰੈਹਿਲਾਦ ਸਮਾਨ ॥

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਸਾ ਦੀ ਵਾਰ ਵਿਚ ਨਾਰੀ ਦੀ ਉਪਮਾ ਇਸ ਤਰ੍ਹਾਂ ਲਿਖੀ ਹੈ —

ਭੰਡ ਜਮੀਐ ਭੰਡ ਨਿਮੀਆ ਭੰਡ ਮੰਗਣ ਵੀਆਹ ॥
ਕਿਉਂਕਿ ਭੰਡੋ ਹੋਵੈ ਦੋਸਤੀ ਭੰਡੋ ਚਲੈ ਰਾਹੁ ॥

ਤਥਾ— ਭੰਡ ਮੁਆ ਭੰਡ ਭਾਲੀਐ ਭੰਡ ਹੋਵੈ ਬੰਧਾਨ ॥
ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ ॥

ਅਤੇ ਭੰਡੋ ਹੀ ਭੰਡ ਊਪਜੈ ਭੰਡੈ ਬਾਝ ਨਾ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਭੰਡ ਦਾ ਭਾਵ—ਕੋਸ਼ [ਖ਼ਜਾਨਾ] ਗੁਫਾ–ਜਿਸ ਵਿਚੋਂ ਗੁਪਤ ਉਤਪਤਿ ਹੁੰਦੀ ਹੈ।
ਤਥਾ—ਇਸਤ੍ਰੀ-ਜਨਨੀ-ਮਾਂ।

## ਇਸਤ੍ਰੀ ਦੇ ਸੋਲ੍ਹਾਂ ਸ਼ਿੰਗਾਰ

ਤ੍ਰੈ ਕਾਲੇ ਦੋ ਉਜਲੇ ਪਤਲੇ ਪਾਂਚ ਪ੍ਰਕਾਰ।
ਚਾਰ ਸਘਨ ਦੋ ਕਠਨ ਕਹਿ ਯੇਹ ਸੋਲਾਂ ਸ਼ਿੰਗਾਰ ॥

ਭਾਵ—ਸਿਰ ਦੇ ਵਾਲ, ਅਖਾਂ ਦੀਆਂ ਕਾਲੀਆਂ ਕਾਕੀਆਂ ਅਤੇ ਭਰਵੱਟੇ, ਕਾਲੇ ਹੋਣ। ਦੋ ਉਜਲੇ ਦੰਦ ਅਤੇ ਅੱਖੀਆਂ ਵਿਚ ਚਿਟਾਈ ਭਾਵ ਕਾਲੇ ਦੇ ਦੁਆਲੇ ਦਾ ਭਾਗ। ੫ ਪ੍ਰਕਾਰ ਪਤਲੇ—ਨੱਕ, ਬੁੱਲ, ਉਂਗਲੀਆਂ, ਲੱਕ, ਅਤੇ ਪਿੰਨੀਆਂ, ਸਘਨੇ-ਮੋਟੇ ੨ ਚੁੱਤੜ, ਦੋ ਮੋਰ। [ਮੋਢੇ] ਦੋ ਕਠਨ ਮੰਮੇ, [ਅਸਥਨ] ਆਦਿ।

## ਇਸਤ੍ਰੀ ਪੁਰਖ ਦਾ ਜੋੜ ਵਿਧਾਨ ਹੈ

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਲਿਖਿਆ ਹੈ—
ਭੰਡ ਜੰਮੀਐ ਭੰਡ ਨਿੰਮੀਐ ਭੰਡ ਮੰਗਣ ਵੀਆਹ ॥

ਭਾਵ—ਇਸਤ੍ਰੀ ਤੋਂ ਹੀ ਸਾਡਾ ਜਨਮ ਹੁੰਦਾ ਹੈ ਅਤੇ ਇਸਤ੍ਰੀ ਗਰਭ ਵਿਚ ਹੀ ਪ੍ਰਾਣੀ ਦੀ ਓਤਪਤਿ ਹੁੰਦੀ ਹੈ। ਵਿਆਹੇ ਵੀ ਅਸੀਂ ਇਸਤ੍ਰੀ ਨਾਲ ਹੀ ਜਾਂਦੇ ਹਾਂ ਅਤੇ

ਭੰਡੋ ਚਲੈ ਦੋਸਤੀ ਭੰਡੋ ਚਲੈ ਰਾਹੁ ॥

ਭਾਵ—ਇਸਤ੍ਰੀ ਨਾਲ ਮਿੱਤ੍ਰਤਾ [ਪਿਆਰ] ਕਰਕੇ ਸੰਸਾਰ ਦੀ ਓਤਪਤੀ ਦਾ ਰਸਤਾ ਚਲ ਪੈਂਦਾ ਹੈ ਅਤੇ



Sri Satguru Jagjit Singh Ji Elibrary NamdhariElibrary@gmail.com

ਭੰਡ ਮੁਆ ਭੰਡ ਭਾਲੀਐ ॥ ਭੰਡ ਹੋਵੈ ਬੰਧਾਨ ॥
ਸੋ ਕਿਉ ਮੰਦਾ ਆਖੀਐ ॥ ਜਿਤੁ ਜੰਮੇ ਰਾਜਾਨ ॥

ਭਾਵ—ਇਸਤ੍ਰੀ ਸੁਰਗ ਸਿਧਾਰਨ ਪਿਛੋਂ ਫਿਰ ਹੋਰ ਲਭਦੇ ਹਾਂ ਕਿਉਂਕਿ ਇਸਤ੍ਰੀ ਪੁਰਖ ਦਾ ਮੇਲ ਬਣਿਆ ਚਲਾ ਆ ਰਿਹਾ ਹੈ । ਇਸਤ੍ਰੀ ਨੂੰ ਬੁਰਾ ਇਸ ਲਈ ਨਹੀਂ ਕਹਿਣਾ ਚਾਹੀਦਾ ਕਿਉਂਕਿ ਇਸ ਤੋਂ ਰਾਜਿਆਂ, ਭਗਤਾਂ, ਸੂਰਬੀਰਾਂ, ਮਹਾਂਪੁਰਖਾਂ, ਦਾਨ ਵੀਰਾਂ ਦਾ ਜਨਮ ਹੁੰਦਾ ਹੈ। ਪ੍ਰੰਤੂ ਅਯੋਗ ਵਰਤਾਓ ਨਾਲ ਇਸ ਦੇ ਪੇਟੋਂ ਚੋਰ, ਡਾਕੂ ਸੰਤਾਨ ਵੀ ਪੈਦਾ ਹੋ ਸਕਦੇ ਹੋਨ। ਇਸ ਲਈ ਮਹਾਂਪੁਰਖ ਵਿਦਵਾਨਾਂ ਨੇ ਸਮੇਂ ਦੀ ਸੰਭਾਲ ਕਰਨ ਲਈ ਗ੍ਰੰਥਾਂ ਵਿਚ ਅਮੋਲਕ ਬਚਨ ਸਿਖਆਦੇ ਇਸਤ੍ਰੀ ਅਤੇ ਪੁਰਖਾਂ ਦੇ ਸੁਧਾਰ ਹਿੱਤ ਲਿਖੇ ਹਨ, ਸੋ ਕੁਛ ਸੰਖੇਪ ਉਦਾਹਰਣ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ,

ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਾਨਸ਼ੀਨਾਂ ਦੀ ਬਾਣੀ ਰਚਨਾ ਨੂੰ ਸਭ ਤੋਂ ਸ੍ਰੇਸ਼ਟ ਉਪਦੇਸ਼ ਮੰਨਿਆ ਹੈ, ਇਸ ਲਈ ਏਥੇ ਵੀ ਸ਼ੁਭ ਉਪਦੇਸ਼ ਅਤੇ ਲੱਛਣ ਗੁਰਬਾਣੀ (ਗੁਰੂ ਗ੍ਰੰਥ ਜੀ) ਵਿਚੋਂ, ਅਤੇ ਭਾ: ਗੁਰਦਾਸ ਆਦਿ ਦੇ ਉਦਾਹਰਣ ਦੇਵਾਂਗੇ, ਨਾਲ ਨਾਲ ਆਨ ਵਿਦਵਾਨਾਂ ਦੇ ਉਦਾਹਰਣ ਵੀ ਪੁਸ਼ਟੀ ਹਿੱਤ ਦਿਤੇ ਜਾਣਗੇ ।

## ਇਸਤ੍ਰੀ ਦੇ ਬੱਤੀ ਲੱਛਣ

ਬੱਤੀ ਸੁਲਖਣੀ ਸੱਚ ਸੰਤਤ ਪੂਤ ।
ਆਗਿਆਕਾਰੀ ਸੁਘੜ ਸਰੂਪ ॥
ਇੱਛ ਪੂਰੇ ਮਨ ਕੰਤ ਸੁਆਮੀ, ਸਗਲ ਸੰਤੋਖੀ ਦੇਉਰ ਜਿਠਾਨੀ ॥
ਸਭ ਪ੍ਰਵਾਰੈ ਮਾਹਿ ਸ੍ਰੇਸਟ, ਮਤੀ ਦੇਵੀ ਦੇਵਰ ਜੇਸਠ ॥
ਧੰਨ ਸੋ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਨਾਨਕ ਸੁਖੇ ਸੁਖ ਵਿਹਾਏ ॥
[ਆਸਾ ਮ: ੫]

ਭਾਵ—ਗੁਰੂ ਜੀ ਕਹਿ ਰਹੇ ਹੋਨ ਕਿ ਬੱਤੀ ਲੱਛਣਾਂ ਵਾਲੀ ਉਹ ਇਸਤ੍ਰੀ ਹੈ ਜੋ ਸਚੁ ਬੋਲੇ, ਸੁੰਦਰ ਸੰਤਾਨ ਪੈਦਾ ਕਰੇ, ਅਤੇ ਪਤੀ ਆਗਿਆ ਦੀ ਪਾਲਣ ਵਾਲੀ ਹੋਵੇ । ਸੋਹਣੇ ਰੂਪ ਵਾਲੀ ਸਭ ਕੰਮਾਂ ਵਿਚ ਚੱਤਰ, ਪਤੀ ਦੀ ਹਰ ਇੱਛਾ ਪੂਰਨ ਕਰਨ ਵਾਲੀ ਦੇਵਰਾਣੀਆਂ ਜੇਠਾਣੀਆਂ ਨਾਲ ਮਿਲਾਪ ਰਖਣ ਵਾਲੀ, ਸਾਰੇ ਪ੍ਰਵਾਰ ਨੂੰ ਚੰਗੀ ਮੱਤੀ ਦੇਣ ਵਾਲੀ, ਅਤੇ ਸਭ ਨੂੰ ਪਿਆਰੀ ਹੋਵੇ ਐਸੀ ਇਸਤ੍ਰੀ ਜਿਸ ਘਰਿ ਵਿਚ ਪੈਦਾ ਹੁੰਦੀ ਹੈ ਉਹ ਘਰੁ ਧੰਨ ਹੈ ਅਤੇ ਜਿਸ ਸਹੁਰੇ ਘਰਿ ਐਸੀ ਇਸਤ੍ਰੀ ਜਾਂਦੀ ਹੈ ਉਹ ਘਰ ਵੀ ਧੰਨਤਾ ਯੋਗ ਹੈ ਅਤੇ ਘਰੁ ਸਵਰਗ ਬਣ ਜਾਂਦਾ ਹੈ ।



Sri Satguru Jagjit Singh Ji Elibrary NamdhariElibrary@gmail.com

ਅਤੇ ਨਾਰ ਕਲੈਹਣੀ ਅੱਤਿ ਬੁਰੀ ਰਖੇ ਨਿਤ ਘਰ ਸ਼ੋਰ ।
ਤਿਸ ਦਾ ਸੁਆਮੀ ਜੀਊਂਦਾ ਵਸੇ ਨਰਕ ਅਤਿ ਘੋਰ ॥ (ਚਰੱਤ੍ਰ)

ਹੋਰ ਕੁਝ ਬੱਤੀ ਲੱਛਣ ਵਿਦਵਾਨਾਂ ਨੇ ਵੀ ਲਿਖੇ ਹਨ ਯਥਾ :—

ਸੁੰਦਰ ਸਵੱਛਤਾ ਲਜਾ ਵਿਦਿਆ ਚਤੁਰਾਈ ਪਤੀ ਭਗਤੀ ।
ਸੇਵਾ ਸੰਤੋਖ ਦੋਯਾ ਪ੍ਰਿਯਾ ਬਾਣੀ ਪ੍ਰਸੰਨਤਾ ਨਿੰਮ੍ਰਤਾ ਜਗਤੀ ।
ਕਪਟੋਂ ਰਹਤ ਏਕਤਾ ਧੀਰਜ ਧਰਮ ਨੈਸਠਾ ਸੰਜਮ ।
ਰਿਦੇ ਗੰਭੀਰ ਉਦਾਰਤਾ ਉਦਮ, ਸੂਰ ਬੀਰਤਾ ਵਿਕੱਮ ।
ਰਾਗ ਰਸੋਈ ਕਾਵਯਾ ਚਿੱਤ੍ਰ ਔਸੁਧੀ ਔ ਫੁਲਵਾੜੀ ।
ਪ੍ਰੋਣ ਸੀਣ ਦੀ ਵਿੱਦਯਾ ਹੋਵੇ ਵਸਤ ਰਖੇ ਸਭ ਝਾੜੀ ।
ਗੁਰੂ ਬਜੁਰਗਾਂ ਮਾਣ ਜ ਕਰਨਾ ਆਏ ਪ੍ਰਹੋਣਿਆ ਆਦਰ ।
ਸੰਤਾਨ ਦਾ ਪਾਲਣ ਪੋਸ਼ਣ ਕਰਨਾ "ਕੰਵਲ" ਬੱਤੀ ਏਹੁ ਸਾਦਰ ।

ਉਪ੍ਰੋਕਤ ਬੱਤੀ ਲੱਛਣ ਲੇਖਕ ਨੇ ਛੰਦ ਬਧ ਕੀਤੇ ਹਨ । ਛੰਦ ਬਧ ਕਾਵ ਜ਼ੁਬਾਨੀ ਯਾਦ ਕਰਨ ਲਈ ਆਸਾਨ ਹੁੰਦੀ ਹੈ ।

**ਇਸ ਦਾ ਭਾਵ ਇਸਤ੍ਰੀ ਦੇ ਗੁਣਾਂ ਨਾਲ ਹੈ ॥**

ਸੁੰਦਰਤਾ (ਹੁਸਨ) । ਸੁੱਵਤਾ (ਸੁਫਾਈ) । ਲੱਜਾ (ਸ਼ਰਮ ਕਰਨੀ) । ਵਿਦਆਂ (ਇਲਮ) । ਚਤ੍ਰਾਈ (ਹੁਸ਼ਆਰੀ) । ਪਤੀ ਭਗਤੀ (ਪਤੀ ਆਗਿਆ) । ਸੇਵਾ (ਖਿਦਮਤ) ਸੰਤੋਖ (ਸਬਰ) । ਦੇਜਾ (ਹਰ ਜੀਵ ਤੇ ਕਰਨੀ) । ਪ੍ਰਿਯਾ ਬਾਣੀ (ਮਿੱਠੀ ਬੋਲੀ) । ਕਪਟੋਂ (ਛੱਲ ਤੋਂ ਰਹਤ) । ਏਕਤਾ (ਇਤਫਾਕ) । ਧੀਰਜ (ਮਨ ਦਾ ਟਿਕਾਓ) । ਧਰਮ (ਅਸੂਲ) । ਨੈਸਠਾ (ਠਹਿਰਾਉ-ਸਿਥਤਿ) । ਸੰਜਮ (ਮੰਨ ਵਿਚਾਰਾਂ ਤੋਂ ਰੋਕਣਾ । ਰਿਦੇ ਗੰਭੀਰ (ਭੇਦ ਛਿਪਾ ਰਖਣਾ) । ਉਦਾਰਤਾਂ (ਦਾਨੀ) । ਉੱਦਮ (ਜਤਨ-ਕੋਸ਼ਸ਼ ਮਿਹਨਤ) । ਸੂਰ (ਬੀਰਤਾ ਬਹਾਦਰੀ) । ਰਾਗ (ਸੰਗੀਤ) । ਰਸੋਈ (ਭੋਜਨ ਬਣੌਣੇ) । ਕਾਵਜਾ (ਕਵਿਤਾ) । ਚਿੱਤ੍ਰ (ਮੂਰਤ) । ਔਸ਼ਧੀ (ਦਵਾਈ) । ਫੁਲਵਾੜੀ (ਬਗੀਚਾ) । ਪ੍ਰੋਣਾ (ਸੀਣਾ) । ਬੁਨਣਾ (ਸੀਣਾ) । ਵਸਤ ਰਖੇ ਸਭ ਝਾੜੀ (ਸਫਾਈ) । ਗੁਰੂ ਸਿੱਖਸ਼ਕ । ਬਜ਼ੁਰਗ (ਸਿਆਣਾ ਮਨੁੱਖ) । ਪ੍ਰਹੋਣਿਆਂ ਆਦੁਰ (ਘਰ ਆਏ ਮਹਿਮਾਨਾਂ ਦਾ ਆਦੁਰ ਕਰਨਾ) ਸੰਤਾਨ ਦਾ ਪਾਲਣ ਪੋਖਣ ਕਰਨਾ ਇਹੁ ਸ਼ਸ਼ੀਲ ਇਸਤ੍ਰੀ ਦੇ ਬੱਤੀ ਲੱਛਣ ਤੱਤ ਵੇਤਾਵਾ ਗਿਆਨੀਆਂ ਨੇ ਮੰਨੇ ਹਨ ।



Sri Satguru Jagjit Singh Ji Elibrary NamdhariElibrary@gmail.com

**ਸੁਘੱੜੀ ਚੰਗੇ ਆਚਰਣ ਨੇਕਚਲਨ ਵਾਲੀ**

(ਸੂਹੀ ਮ: ॥ ੧ ॥)

ਜਾਣੂੰ ਤਾ ਮੈ ਸਭ ਕੋ ਤੂ ਸਾਹਿਬ ਮੇਰੀ ਰਾਸਿ ਜੀਉ ॥
ਤੁਧ ਅੰਤ੍ਰਿ ਹਉਂ ਸੁਖਿ ਵਸਾਂ ਤੂੰ ਅੰਤ੍ਰਿ ਸ਼ਾਬਾਸ ਜੀਉ ॥

ਸੂਹੀ ਮ: ੫

**ਗੁਣਵੰਤੀ (ਅੱਛੇ ਗੁਣ ਵਾਲੀ)**

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰ ਸਜਣ ਦੇਹੁ ਮਿਲਾਇ ਜੀਉ ॥
ਸੋਈ ਦਸ ਉਪਦੇਸੜਾ ਮੇਰਾ ਮਨ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨ ਤੈਕੂੰ ਡੇਵਸਾ ਮੈ ਮਾਰਗ ਦੇਹੁ ਬਤਾਇ ਜੀਉ ॥
ਹਉਂ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰੱਖੀ ਚਿਤਿ ਮਹਿ ਮੇਰਾ ਸਭੋ ਦੁਖ ਗਵਾਇ ਜੀਉ ॥
ਇਤ ਮਾਰਗ ਚਲੇ ਭਾਈਅੜੇ ਗੁਰ ਕਹੈ ਸੁਕਾਰ ਕੁਮਾਇ ਜੀਉ ॥

ਚੰਗੇ ਗੁਣਾਂ ਕਰਕੇ ਪੂਰਣ ਹੋਣਾ ਹੀ ਇਸਤ੍ਰੀਆਂ ਦਾ ਸੋਹਣਾ ਸ਼ਿੰਗਾਰ ਹੈ। ਇਸ ਪਰ ਗੁਰੂ ਰਾਮਦਾਸ ਜੀ ਨੇ ਸਲੋਕ ਵਾਰਾਂ ਤੇ ਵਧੀਕ 'ਚ ਲਿਖਿਆ ਹੈ—

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ, ਅਤ ਲੋਚੈ ਭਗਤੀ ਭਾਇ ॥
ਬਹੁ ਰਸ ਸਾਲਣੇ ਸੁਵਾਰਦੀ ਖਟ ਰਸ ਮੀਠੇ ਪਾਇ ॥

ਭਾਵ—ਜੈਸੇ ਅੱਛੇ ਘਰਿ ਦੀ ਇਹਤ੍ਰੀ ਭਗਤੀ (ਭੈ ਦੀ ਗਤਿ) 'ਚ ਰਹਿ ਕੇ ਕੁਕਰਮ ਤੋਂ ਬਚ ਕੇ ਪ੍ਰੇਮ ਨਾਲ ਆਪਣੇ ਪਤੀ ਪ੍ਰਵਾਰ ਲਈ ਸੋਹਣੇ ਸੁੰਦਰ, ਖਟੇ-ਮਿਠੇ ਸਲੂਣੇ ਆਦਿਕ ਖਾਣੇ [ਭੋਜਨ] ਤਿਆਰ ਕਰਦੀ ਹੈ, ਉਹ ਇਸਤ੍ਰੀ ਪਤੀ ਅਤੇ; ਸਾਰੇ ਪ੍ਰਵਾਰ ਨੂੰ ਪਿਆਰੀ ਲਗਦੀ ਹੈ। ਐਸੇ ਉਤਮ ਗੁਣਾਂ ਵਾਲੀ ਇਸਤ੍ਰੀ ਦੀ ਮਹਿਮਾਂ ਗੁਰੂ ਅਰਜਨ ਦੇਵ ਜੀ ਮਾਝ ਰਾਗ 'ਚ ਲਿਖਦੇ ਹੰਨ—

ਜੈਸੇ—

ਸਾ ਗੁਣਵੰਤੀ ਸਾ ਵਡ ਭਾਗਣ ਪੁਤਰ ਵੰਤੀ ਸੀਲ ਵੰਤੀ ਸੁਹਾਗਣ ॥
ਰੂਪਵੰਤ ਸਾ ਸੁਘੜ ਬਿਚੱਖਣ ਜੋ ਧਨ ਕੰਤ ਪਿਆਰੀ ਜੀਉ ॥
ਅਚਾਰ ਵੰਤ ਸਾਈ ਪ੍ਰਧਾਨੇ ॥ ਸਭ ਸੰਗਾਰ ਬਣੇ ਤਿਸ ਗਿਆਨੇ ॥
ਸਾ ਕੁਲਵੰਤੀ ਸਾ ਸਭ ਰਾਈ ਜੋ ਪਿਰ ਕੇ ਰੰਗ ਸੁਵਾਰੀ ਜੀਉ ॥
ਮਹਿਮਾ ਤਿਸ ਕੀ ਕਹਣ ਨਾ ਜਾਏ ॥ ਜੋ ਪਿਰ ਮੇਲ ਲਈ ਅੰਗ ਲਾਇ ॥
ਥਿਰੁ ਸੁਹਾਗ ਵਰ ਅਗਮ ਅਗੋਚਰ ਜਨ ਨਾਨਕ ਪ੍ਰੇਮ ਸਧਾਰੀ ਜੀਉ ॥



Sri Satguru Jagjit Singh Ji Elibrary NamdhariElibrary@gmail.com

ਉਪ੍ਰੋਕਤ ਗੁਣਾਂ ਵਾਲੀਆਂ ਇਸਤ੍ਰੀਆਂ ਜਗਤ ਲਈ ਨੇਕ ਉਦਾਹਰਣ ਹੁੰਦੀਆਂ ਹੰਨ ਹਨੂੰਮਾਨ ਨਾਟਕ ਵਿਚ ਸ੍ਰੀ ਰਾਮ ਚੰਦ੍ਰ ਜੀ ਦੀ ਪਤਨੀ ਸ੍ਰੀ ਸੀਤਾ ਜੀ ਦਾ ਰਾਮ ਜੀ ਦੇ ਚਰਨਾਂ ਨਾਲ ਅੱਨਨ ਪ੍ਰੇਮ ਦਾ ਉਦਾਹਰਣ ਦਿਤਾ ਹੈ ਹਨੂਮਾਨ ਨਾਟਕ ਵਿਚ, ਜਿਸ ਤੋਂ ਇਸਤ੍ਰੀ ਜਾਤੀ ਨੂੰ ਵਸ਼ੇਸ਼ ਉਪਦੇਸ਼ ਮਿਲਤਾ ਹੈ, ਜੈਸੇ—

ਪ੍ਰਸ਼ਨ—

ਆਹ ਹਨੂ ਕਹੇ ਸ੍ਰੀ ਰਘੁਬੀਰ।

ਕਛੂ ਸੁੱਧ ਹੈ ਸੀਆ ਕੀ ਛਿੱਤ ਮਾਹੀ ॥

ਉਤ੍ਰ—

ਹੇ ! ਪ੍ਰਭੂ ! ਲੰਕ ਕਲੰਕ ਬਿਨਾ, ਸੁਬਸੇ ਤਿਹ ਰਾਵਣ ਬਾਗ ਕੇ ਸ਼ਾਹੀ ॥

ਪ੍ਰਸ਼ਨ—

ਜੀਵਤ ਹੈ ? । ਉਤ੍ਰ-ਕਹਬੇ ਕੁਇ ਨਾਥ ।

ਪ੍ਰਸ਼ਨ-ਸੁ ਕਿਉਂ ਨ ਮਰੀ ਹਮ ਤੇ ਬਿਛਰਾਹੀ ॥ ?

ਉਤ੍ਰ—

ਪ੍ਰਾਣ ਬਸੇ ਪਦ ਪੰਕਜ ਮੈ, ਜਮ ਆਵਤ ਹੈ ਪਰ ਪਾਵਤ ਨਾਹੀ ।

ਸ੍ਰੀ ਰਾਮ ਜੀ ਕਹਿ ਰਹੇ ਹੰਨ ਕਿ ਸੀਤਾ ਪਤੀਬ੍ਰਤ ਧਰਮ ਪਾਲਣ ਵਾਲੀ ਸੀ ਉਹ ਮੈਥੋਂ ਵਿਛੜ ਕੇ ਕਿਉਂ ਮਰ ਨਹੀਂ ਗਈ ? ਹਨੂਮਾਨ ਕੈਸਾ ਸੋਹਣਾ ਉਤ੍ਰ ਦੇਂਦਾ ਹੈ ਕਿ ਸ੍ਵਾਮੀ ! ਓਸ ਨੂੰ ਯੱਮ ਲੈਣ ਤਾਂ ਆਉਂਦੇ ਹੰਨ ਪਰ ਉਸ ਦੇ ਪ੍ਰਾਣ ਤੇਰੇ ਚਰਨਾਂ ਵਿਚ ਵਸਦੇ ਹੰਨ । ਇਸ ਕਰਕੇ ਲਿਜਾ ਨਹੀਂ ਸਕਦੇ ।

## ਕੁਚੱਜੀ ਚੱਜ ਰਹਤ ਇਸਤ੍ਰੀ ਲੱਛਣ

(ਗੁਰਬਾਣੀ ਸੂਹੀ ਮ: ੧)

ਮੰਞੁ ਕੁਚੱਜੀ ਅੰਮਾਵਣਿ ਡੋਸੜੇ, ਹਉ ਕਿਉਂ ਸਹੁ ਰਾਵਣ ਜਾਉ ਜੀਉ ॥

ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥

### ਬਾਬਾ ਰਾਮਦਾਸ

ਰੱਧਨ ਕੇ ਗ੍ਰਿਹੁ ਪਾਣੀ ਢੋਂਕਤ । ਕਬੀ ਉਠਾਏ ਨ ਗੋਬਰ ਫੋਸ ॥

ਲੋਨ ਡੁਰਾਵਤ ਥਰੀਆ ਮੇ ਧਰ । ਸੂਹਛ ਸੰਕਤ ਨਹਿ ਅਫਸੋਸ ॥

ਨੀਚੇ ਬੇਠ ਲਖੀ ਕਰ ਊਚੇ, "ਦਾਸ" ਖੜੀ ਫਿਰ ਲੜੇ ਪੜੋਸ ॥

ਨਾਵਣ ਬੈਠੀ ਛੇੜ ਦੰਦੋਂਯੋ । ਆਪ ਕੁਚੱਜੀ ਬੇਹੜੇ ਦੋਸ਼ ॥



Sri Satguru Jagjit Singh Ji Elibrary NamdhariElibrary@gmail.com

**ਕੁਲੱਖਣੀ-ਭਾਵ ਕੁਲ ਨਾਸਨੀ**

ਪਾਣੀ ਕੇ ਮਾਂਗਤ ਪਾਥਰ ਮਾਰਤ, ਨਾਰ ਕਿਧੌ ਘਰਿ ਨਾਹਰ ਆਨੀ ॥
ਅਤੇ ਨਾਰ ਕਲੈਹਣੀ ਅਤਿ ਬੁਰੀ ਰਖੇ ਨਿਤ ਘਰਿ ਸ਼ੋਰ ॥
ਤਿਸ ਦਾ ਸੁਾਮੀ ਜੀਊਂਦਾ ਵਸੇ ਨਰਕ ਅਤਿ ਘੋਰ ॥

(ਦਸਮ ਗ੍ਰੰਥ)

ਗੁਰੂ ਜੀ ਲਿਖਦੇ ਹੈਨ ਕਿ ਜੋਹੜੀ ਵਿਵਾਹੀ ਇਸਤ੍ਰੀ ਆਪਣੇ ਪਤੀ ਦੀ ਆਗਿਆ ਦਾ ਪਾਲਣ ਨਹੀਂ ਕਰਦੀ ਉਹੁ ਕੁਲੱਖਣੀ ਹੈ—

ਪਿਰ ਕਾ ਹੁਕਮ ਨਾ ਜਾਣਈ ਭਾਈ। ਸਾ ਕੁਲਖਣੀ ਕੁ ਨਾਰ ॥

ਉਹ ਕੁਲੱਖਣੀ ਤੇ ਨਾਰੀ ਕਹਿਲੌਣ ਦੀ ਹੱਕਦਾਰ ਨਹੀਂ। ਹੋਰ ਗੁਰੂ ਜੀ ਧਨਾਸਰੀ ਰਾਗ ਚਿ ਉਦਾਹਰਣ ਦੇਂਦੇ ਹੈਨ ਕਿ ਉਹ ਇਸਤ੍ਰੀ ਪਤੀ ਨੂੰ ਚੰਗੀ ਲਗਦੀ ਹੈ, ਜੋ ਝੂਠ ਨਹੀਂ ਬੋਲਦੀ।

ਜੈਸੇ— ਪਿਰ ਘਰਿ ਸੋਹੇ ਨਾਰ ਜੈ ਪਿਰ ਭਾਵਏ ਜੀਉ ॥
ਝੂਠੇ ਵੇਣ ਚਵੇ ਕਾਮ ਨਾ ਆਵਿਏ ਜੀਉ ॥
ਝੂਠ ਅਲਾਵੇ ਕਾਮ ਨਾ ਆਵੇ ਨਾ ਪਿਰ ਦੇਖੇ ਨੈਣੀ ॥

ਭਾਵ—ਝੂਠ ਬੋਲਣ ਵਾਲੀ ਇਸਤ੍ਰੀ ਨੂੰ ਪਤੀ ਵੇਖਣਾ ਵੀ ਨਹੀਂ ਚਾਹੁੰਦਾ। ਇਸ ਕਾਰਣ ਉਹੁ ਬੁਰੀ ਹੈ, ਜਥਾ—

ਅਵਿਗੁਣ ਆਰੀ ਕੰਤ ਵਿਸਾਰੀ ਛੂਠੀ ਵਿਹਾਣ ਰੈਣੀ ॥

ਭਾਵ—ਉਹੁ ਸ਼ੁਭ ਗੁਣਾਂ ਤੋਂ ਖਾਲੀ ਹੈ, ਪਤੀ ਨੇ ਛੱਡੀ-ਵਿਸਾਰੀ ਹੋਈ ਹੁੰਦੀ ਹੈ ਤਾਹੀਂ ਐਸੀ ਇਸਤ੍ਰੀ ਨੂੰ ਰਾਤ ਦੁਖਾਂ ਵਿਚ ਬੀਤਦੀ ਹੈ।[1]

**ਬੁਰੀ ਇਸਤ੍ਰੀ ਦੀ ਸਜ਼ਨ**

ਗੁਰੂ ਨਾਨਕ ਦੇਵ ਜੀ ਵਡਹੰਸ ਰਾਗ ਚਿ ਲਿਖਦੇ ਹੈਨ ਕਿ [ਜੇ] ਗੁਣਵੰਤੀ ਸਹੁ ਰਾਵਿਆ [ਤਾਂ] ਨਿਰਗੁਣ ਕੂਕੇ ਕਾਇ ॥

ਭਾਵ—ਜੇ ਗੁਣ ਵਾਲੀ ਇਸਤ੍ਰੀ ਨੇ ਪਤੀ ਨਾਲ ਪ੍ਰੇਮ ਕੀਤਾ ਹੈ ਤਾਂ ਨਿਰਗੁਣ [ਗੁਣਹੀਨ] ਇਸਤ੍ਰੀ ਕਿਉਂ ਚਿਲਾਂਦੀ ਹੈ [ਤੜਫਦੀ ਹੈ] ਪਰ ਜੇ (ਉਹੁ ਗੁਣਵੰਤੀ) ਥੀ ਰਹੇ ਤਾਂ ਭੀ ਸਹੁ ਰਾਵਣਿ ਜਾਇ ॥ ਭਾਵ—ਜੇ ਉਹ [ਗੁਣਵੰਤੀ ਜੇਹਾ] ਗੁਣ ਧਾਰ ਲਵੇ ਤਾਂ ਉਹ ਭੀ ਪੱਤੀ ਪ੍ਰੇਮਣ ਬਣ ਸਕਦੀ ਹੈ।

---

1. ਵੇਦਸ਼ਵ ਰਾਤ੍ਰੀ ਇਸਤ੍ਰੀ ਦੇ ਵਿਧਵਾ ਹੋਣ ਦੀ ਰਾਤ ਨੂੰ ਆਖਿਆ ਹੈ। ਜੋ ਰਾਤ੍ਰੀ ਅਸਿਹ ਕਸ਼ਟ ਦੁਖ ਵਿਚ ਬੀਤਦੀ ਹੈ।



Sri Satguru Jagjit Singh Ji Elibrary NamdhariElibrary@gmail.com

ਹੋਰ ਗੁਰੂ ਜੀ ਦੁਹਾਗਣੀ ਇਸਤ੍ਰੀ ਦੀ ਦਸ਼ਾ ਪਰ ਆਖਦੇ ਹੈਨ—

ਪ੍ਰਸ਼ਨ—ਜਾਇ ਪੁਛਹੁ ਸੁਹਾਗਣੀ ਵਾਹਿ (ਉਨ੍ਹਾਂ ਨੇ) ਕਿਨੀ ਬਾਤੀ ਸਹੁ ਪਾਈਐ ॥ ?

ਉਤ੍ਰ—

ਜੋ ਕਿਛੁ ਕਰੇ ਸੁ ਭਲਾ ਕਰ ਮਾਨੀਐ ਹਿਕਮਤਿ ਹੁਕਮ ਚੁਕਾਈਐ ॥
ਜਾ ਕੈ ਪ੍ਰੇਮ ਪਦਾਰਥ ਪਾਈਐ ॥ ਤਉ ਚਰਣੀ ਚਿਤ ਲਾਈਐ ॥

ਭਾਵ—ਜੋ ਪਤੀ ਕਹੇ ਉਸ ਨੂੰ ਸੱਤਿ ਕਰਕੇ ਮੰਨਣਾ, ਆਪਣੀ ਚਤ੍ਰਾਈ ਦਾ ਰੋਅਬ (ਅਭਿਮਾਨ) ਦਿਲੋਂ ਛੱਡ ਦੇਈਏ ਤਾਂ ਪਤੀ ਪ੍ਰੇਮ ਪਦਾਰਥ ਨੂੰ ਪਾ ਸਕੀਦਾ ਹੈ। ਅਤੇ

ਸਹੁ ਕਹੇ ਸੁ ਕੀਜੈ ਤਨ, ਮਨ, ਦੀਜੈ ਐਸਾ ਪ੍ਰਮਲ ਲਾਈਐ ॥

(3) ਏਵ-(ਏਦਾਂ) ਕਹੈ ਸੁਹਾਗਣੀ ਭੈਣੈ ਇਨੀ ਬਾਤੀ ਸਹੁ ਪਾਈਐ ॥

(ਤਲੰ: ਮ: ੧)

ਆਪ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰ ਦੇਖੈ ਸੋ ਦਿਨੁ ਲੇਖੈ ਕਾਮਣ ਨਉਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੁਹਾਗਣਿ ਨਾਨਕ ਸਾ ਸਭਰਾਈ ॥

(ਤਲੰਗ-ਮ: ੧)

## ਜਾਦੂ ਟੂਣੇ ਨਾਲ ਪਤੀ ਵਸ ਕਰਨਾ

ਜੋਹੜੀਆਂ ਇਸਤ੍ਰੀਆਂ ਝੂਠੇ ਪੁਰਸ਼ਾਂ (ਚੇਲੇ ਚਪਟਿਆਂ) ਦੇ ਮਗਰ ਲਗ ਕੇ ਪਤੀ ਵਸ ਕਰਨ ਦਾ ਨਕੰਮਾ ਯਤਨ ਕਰਦੀਆਂ ਹੈਨ। ਇਸ ਪ੍ਰਥਾਇ ਗੁਰੂ ਜੀ ਫਰੀਦ ਸਲੋਕਾਂ ਵਿਚ ਲਿਖਦੇ ਹੈਨ ਕਿ ਔਰਤ ਨੂੰ ਪਤੀ ਵਸ ਕਰਨ ਲਈ ਕੇਹੜੇ ਗੁਣ ਧਾਰਨ ਦੀ ਲੋੜ ਹੈ।

ਪ੍ਰਸ਼ਨ—

ਕਵਣੁ ਸੁ ਅੱਖਰ ਕਵਣ ਗੁਣ, ਕਵਣੁ ਸੁ ਮਣੀਆ ਮੰਤ੍ਰ ॥
ਕਵਣ ਸੁ ਵੇਸੁ ਹਉਂ ਕਰੀਂ ਜਿਤ ਵਸ ਆਵੈ ਕੰਤੁ ॥ ?

ਉਤ੍ਰ—

ਨਿਵਣ ਸੁ ਅੱਖਰ (ਨਿਵ ਕੇ ਚਲਣਾ) ਖਿਵਣ ਗੁਣ ਖਿਮਾ ਧਾਰਨੀ)
ਜਿਹਬਾ ਮਣੀਆ ਮੰਤ (ਜੀਭ ਨਾਲ ਮਿੱਠਾ ਬੋਲਣਾ) ਇਹ ਤ੍ਰੈ ਭੈਣੇ ਵੇਸ ਕਰ
(ਇਹ ਤਿੰਨ ਗੱਲਾਂ ਧਾਰਨ ਕਰ) ਤਾ ਵਸ ਆਵੀ ਕੰਤ ॥
ਤਾ ਕੰਤ ਤੇਰੇ ਹਮੇਸ਼ਾਂ ਲਈ ਵਸ ਰਹੇਗਾ। (ਸਲੋਕ ਫਰੀਦ)



Sri Satguru Jagjit Singh Ji Elibrary NamdhariElibrary@gmail.com

## ਆਨੰਦ ਵਿਵਾਹ ਕਾਰਜਾਂ ਤੇ ਸਿੱਖਿਆਵਾਂ

ਸਿੱਖਿਆਵਾਂ ਦਾ ਰਿਵਾਜ ਕੇਵਲ ਗੁਰੂ ਸਿੱਖਾਂ ਵਿਚ ਹੀ ਨਹੀਂ ਬਲਕਿ ਸਾਰੇ ਧਰਮਾਂ ਅਤੇ ਦੇਸ਼ਾਂ ਵਿਚ ਵੀ ਪ੍ਰਚਾਰਿਆ ਜਾਂਦਾ ਹੈ। ਏਥੇ ਅਸੀਂ ਜੁਪਾਨੀ ਮਾਤਾਂ ਵਲੋਂ ਆਪਣੀ ਧੀ ਦੇ ਵਿਆਹ ਤੇ ਸਿੱਖਿਆ ਦੇ ਕੁਝ ਉਦਾਹਰਣ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੇ ਹਾਂ ਜੋ ਦਾਸ ਨੇ ਗੁਜਰਾਤੀ ਅਖਬਾਰ (ਕਰੋਨੀਕਲ) ਚੋਂ ਪੰਜਾਬੀ ਅਨੁਵਾਦ ਕੀਤਾ ਹੈ।

(੧) ਮਾਂ ਕਹਿੰਦੀ ਹੈ ਹੇ ਪੁਤਰੀ ! ਤੂੰ ਅਜ ਵਿਵਾਹ ਹੋਣ ਤੋਂ ਬਾਅਦ ਮੇਰੀ ਪੁੱਤ੍ਰੀ ਨਹੀਂ ਰਹੀ। ਅਜ ਤਾਈਂ ਤੂੰ ਜਿਸ ਤਰ੍ਹਾਂ ਮੇਰੀ ਅਤੇ ਆਪਣੇ ਪਿਤਾ ਦੀ ਆਗਿਆ ਦਾ ਪਾਲਣ ਕਰਦੀ ਰਹੀਂ ਹੈਂ। ਹੁਣ ਤੂੰ ਏਸੇ ਤਰ੍ਹਾਂ ਹੀ ਆਪਣੇ ਸੱਸ ਸਹੁਰੇ ਦੀ ਆਗਿਆ ਦਾ ਪਾਲਣ ਕਰੀਂ।

[੨] ਵਿਵਾਹ ਪਿੱਛੋਂ ਤੇਰਾ ਕੇਵਲ ਇਕ ਪਤੀ ਹੀ ਸੁਆਮੀ ਹੈ। ਜਿਸ ਨਾਲ ਤੂੰ ਸਾਰੀ ਉਮਰ ਲੰਘਾਉਣੀ ਹੈ। ਅਤੇ ਇਸ ਦੇ ਨਾਲ ਹਮੇਸ਼ਾਂ ਨਿੰਮ੍ਰਤਾ ਧੀਰਜ ਨਾਲ ਰਹਿਣਾ। ਆਪਣੇ ਪਤੀ ਦੇ ਹਰੇਕ ਬੋਲ ਦਾ ਪਾਲਣ ਕਰਨਾ ਇਸਤ੍ਰੀ ਦਾ ਪਰਮ ਧਰਮ ਹੈ।

[੩] ਤੂੰ ਆਪਣੇ ਸਹੁਰੇ ਘਰਿ ਹਮੇਸ਼ਾਂ ਸਹਿਨਸ਼ੀਲਤਾ ਰਖੀਂ ਕਿਸੇ ਨੂੰ ਕੋੜਾ ਸ਼ਬਦ ਨਾ ਕਹੀਂ, ਫਿਰ ਤੇਰੇ ਸਾਰੇ ਕੰਮ ਸਫਲ ਹੋਣਗੇ।

[੪] ਆਪਣੇ ਸੁਆਮੀ ਨਾਲ ਕਦੇ ਅੜਬਣ ਨਾ ਕਰੀਂ, ਨਹੀਂ ਤਾਂ ਪਤੀ ਦਾ ਪ੍ਰੇਮ ਗੁਵਾ ਬੈਠੇਂਗੀ।

[੫] ਕਦੀ ਕ੍ਰੋਧ ਨਾ ਕਰੀਂ, ਪਤੀ ਜੇ ਕੋਈ ਕਰੜੀ ਗੱਲ ਕਹੇ ਤਾਂ ਅਗੋਂ ਚੁੱਪ ਰਹਿਣਾ। ਜਦ ਸ਼ਾਂਤ ਚਿੱਤ ਹੋਵੇ ਤਦੋਂ ਨਿੰਮ੍ਰਤਾ ਨਾਲ ਸਾਰੀ ਗੱਲ ਸਮਝਾ ਦੇਣੀ।

[੬] ਬਹੁਤੀਆਂ ਗੱਲਾਂ ਨਾ ਕਰੀਂ, ਝੂਠ ਨਾ ਬੋਲੀਂ ਅਤੇ ਗੁਆਂਢੀਆਂ ਦੀ ਨਿੰਦਾ ਨਾ ਕਰੀਂ।

[੭] ਹੱਥ ਦੇਖਣ ਵਾਲੇ ਭਾਟੜੇ (ਜੋਤਸ਼ੀ) ਆਦਿਕਾਂ ਨੂੰ ਆਪਣੇ ਭਾਗ ਦੀ ਹਕੀਕਤ ਨਾ ਪੁਛੀ ਕੇਵਲ ਪ੍ਰਭੂ ਤੇ ਭਰੋਸਾ ਰੱਖੀਂ।

[੮] ਤੂੰ ਆਪਣੇ ਸਾਰੇ ਪ੍ਰਕਾਰ ਦੇ ਕੰਮ ਸੰਜਮ ਅਤੇ ਸਾਵਧਾਨੀ ਨਾਲ ਕਰਨੇ।

[੯] ਤੈਨੂੰ ਆਪਣੇ ਪਤੀ ਦੀ ਅਮੀਰੀ ਗ਼ਰੀਬੀ, ਦੁੱਖ-ਸੁੱਖ ਵਿਚ ਇਕੋ ਜੇਹੀ ਸਾਥਣ ਰਹਿਣਾ ਹੋਵੇਗਾ, ਅਤੇ ਕਦੇ ਵੀ ਆਪਣੇ ਧਨਾਢ ਪਿਤਾ ਦਾ ਰੋਅਬ ਪਤੀ ਨੂੰ



Sri Satguru Jagjit Singh Ji Elibrary NamdhariElibrary@gmail.com

ਪਤੀ ਨੂੰ ਨਾ ਦੇਈਂ। ਭਾਵ—ਮਾਪਿਆਂ ਦਾ ਵਖਾਣ ਕਰਕੇ ਪਤੀ ਦਾ ਅਪਮਾਨ ਨਾ ਕਰੀਂ।

[੧੦] ਤੂੰ ਜੁਆਨ ਹੋ ਕੇ ਯੁਵਤੀਆਂ ਦੀ ਟੋਲੀ ਵਿਚ ਨਾ ਬੈਠੀਂ ਬ੍ਰਿੱਧਾਂ (ਬੁਢੀਆਂ) ਦੀ ਸੰਗਤਿ ਕਰਨ ਦੀ ਆਦਿਤ ਪਾਈਂ ਜਿਥੋਂ ਤੈਨੂੰ ਅੱਛੀ ਸਿੱਖਿਆ ਪ੍ਰਾਪਤ ਹੋਵੇ।

[੧੧] ਹੁਮੇਸ਼ਾ ਸਾਦਾ ਤੇ ਸੁੱਚ ਛੱਜਿਆ ਵਾਲਾ ਕਪੜਾ ਪਾਈ, ਬਹੁਤੀ ਲੱਚਕ-ਤੱਚਕ ਗੂੜ੍ਹਾ ਰੰਗਦਾਰ ਕਦੇ ਕੱਪੜਾ ਨਾ ਪਹਰੀਂ।

[੨੨] ਕੁਝ ਗੁਰਮਤ ਵਿਚੋਂ

ਗੁਗਾ,ਭੈਰੋਂ, ਮੜ੍ਹੀ, ਮਸਾਣੀ, ਅੱਕਾਂ, ਪਿੱਪਲਾਂ, ਦੀ ਪੂਜਾ ਅਤੇ ਭੂਤਾਂ-ਪ੍ਰੇਤਾਂ, ਟੂਣੇ ਟਾਮਣ ਚੇਲਿਆਂ ਦੀਆਂ ਮਨੌਤਾਂ ਕਰਕੇ ਸੰਤਾਨ ਦੀ ਆਸ਼ਾ ਕਰਨੀ ਬੇ-ਫਲ ਹੈ, ਕੇਵਲ ਅਕਾਲ ਪੁਰਖ ਦੀ ਅਰਾਧਨਾ ਹੀ ਸਰਬ ਕਾਮਨਾ ਪੂਰਣ ਕਰਦੀ ਹੈ। ਇਸ ਪਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਭੂਤਾਂ ਕੋਲੋਂ ਪੁੱਤ ਮੰਗਣ ਵਾਲੀਆਂ ਇਸਤ੍ਰੀਆਂ ਪਾਮਰ ਹੰਨ, ਅਤੇ ਉਹਨਾਂ ਦੇ ਕਰਮ ਇਸ ਤਰ੍ਹਾਂ ਨਿਸਫਲ ਹੰਨ ਜਿਸ ਤਰ੍ਹਾਂ ਕਲਰ 'ਚ ਬੀਜਿਆ ਬੀਜ, ਜਥਾ:—

ਬੀਜ ਬੋਇ ਕਾਲਰ ਮੈ ਉਪਜੈ ਨਾ ਧਾਨ ਪਾਨ<br>
ਮੂਲ ਖੋਇ ਰੋਵੈ ਪੁਨ ਰਾਜ ਡੰਡ ਲਾਗਈ॥

ਭਾਵ—ਜਿਵੇਂ ਕੱਲਰ 'ਚ ਬੀਜਿਆ ਬੀਜ ਉੱਗਰਦਾ ਨਹੀਂ ਸਗੋਂ ਪੂੰਜੀ ਹੀ ਗੁਵਾ ਲਦੀਦੀ ਹੈ। ਤੇ ਉਲਟਾ ਰਾਜਾ ਡੰਡ (ਕਰ) ਭਰਨਾ ਪੈਂਦਾ ਹੈ ਤੇ ਰੋਦੀਦਾ ਹੈ।

ਸਲਲ ਬਿਲੋਇ ਜੈਸੇ ਨਿਕਸੱਤ ਨਾਹ ਘ੍ਰਿਤ॥<br>
ਮਟਕੀ ਮਥਨੀਆਂ ਕੋ ਤੋੜ ਫੋੜ ਭਾਗਈ॥

ਭਾਵ—ਜਿਵੇਂ ਪਾਣੀ ਰਿੱੜਕਣ ਤੇ ਘਿਉ ਨਹੀਂ ਨਿਕਲਦਾ, ਸਗੋਂ ਮਧਾਣੀ ਦੀ ਰਗੜ ਨਾਲ ਚਾਟੀ ਟੁੱਟ ਜਾਂਦੀ ਹੈ ਅਤੇ ਪਾਣੀ ਵੈਹ ਜਾਂਦਾ ਹੈ।

ਭੂਤਨ ਪੈ ਪੂਤ ਮਾਂਗੈ ਹੋਤਿ ਨ ਸਪੂਤੀ ਕੋਊ॥<br>
ਜੀਅ ਕੋ ਪਰਤ ਸੰਸਾ ਡਿਯਾਗੋ ਹੂੰ ਨ ਤਿਆਗਈ॥

ਭਾਵ—ਭੂਤਾਂ ਕੋਲੋਂ ਪੁੱਤ ਮੰਗਣ ਵਾਲੀ ਕੋਈ ਵੀ ਇਸਤ੍ਰੀ ਪੁਤਾਂ ਵਾਲੀ ਨਹੀਂ ਬਣਦੀ ਸਗੋਂ ਭਰਮ ਭੂਤਾਂ ਨੂੰ ਮਗਰੋਂ ਲਾਹੁਣਾ ਔਖਾ ਹੋ ਜਾਂਦਾ ਹੈ ਤੇ ਜੀਅ ਸੰਸਿਆ ਵਿਚ ਫਸ ਜਾਂਦਾ ਹੈ।

ਬਿਨ ਗੁਰਦੇਵ ਆਨ ਸੇਵ ਦੁਖਦਾਇਕ ਹੈ।<br>
ਲੋਕ ਪ੍ਰਲੋਕ ਸ਼ੋਕ ਜਾਹਿ ਅਨੁਰਾਗਈ॥



Sri Satguru Jagjit Singh Ji Elibrary NamdhariElibrary@gmail.com

ਭਾਵ—ਐਸੇ ਹੀ ਬਿਨ ਗੁਰੂ ਦੀ ਸੇਵਾ ਤੋਂ ਜੋ ਹੋਰ ਕਿਸੇ (ਕਪਟੀ) ਦੀ ਸੇਵਾ ਵਿਚ ਅਨੁਰਾਗ (ਪ੍ਰੇਮ) ਕਰਦੇ ਹੈਨ ਉਨ੍ਹਾਂ ਨੂੰ ਏਥੇ ਇਸ ਲੋਕ ਤੇ ਉਥੇ ਪ੍ਰਲੋਕ ਵਿਚ ਸ਼ੋਕ ਅਤੇ ਦੁਖ ਹੀ ਮਿਲਦਾ ਹੈ ।

## ਇਸਤ੍ਰੀ ਬ੍ਰਤ ਧਰਮ

ਜੈਸੇ ਮਹਾਪੁਰਖ ਵਿਦਵਾਨਾਂ ਨੇ ਇਸਤ੍ਰੀ ਲਈ ਪਤੀ ਬ੍ਰਤ ਧਰਮ ਵਿਧਾਨ ਕੀਤਾ ਹੈ । ਤਸੇ ਹੀ ਪੁਰਖ-ਪਤੀ ਵਾਸਤੇ ਵੀ ਇਸਤ੍ਰੀ ਬ੍ਰੱਤ ਧਰਮ ਵਿਧਾਨ ਲਿਖਿਆ ਹੈ ਅਤੇ ਜੋ ਪਰ ਇਸਤ੍ਰੀ ਗਾਮੀ ਪੁਰਖ ਹੈ ਉਹ ਪਤੀ ਪ੍ਰਮੇਸ਼ਰ ਕਹਿਲੋਣ ਦਾ ਹੱਕਦਾਰ ਨਹੀਂ, ਗੁਰਬਾਣੀ ਵਿਚ ਕਥਨ ਹੈ :

ਪਰ ਤ੍ਰੀਆ ਰੂਪ ਨ ਪੇਖੈ ਨੇਤ੍ਰ । ਭਾਵ—ਏਥ ਪ੍ਰਾਈਆ ਚੰਗੀਆਂ ਮਾਵਾਂ ਭੈਣਾਂ ਧੀਆ ਜਾਣੇ ।। ਅਨੁਸਾਰ ਅਤੇ ਜੋ ਇਸ ਤੋਂ ਉਲਟਿ

ਕਰਦੇ ਹੈਨ ਉਨ੍ਹਾਂ ਪ੍ਰਥਾਏ ਭੈਰਉਂ ਰਾਗ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਇਸ ਪ੍ਰਕਾਰ ਲਿਖੀ ਹੈ—

ਘਰ ਕੀ ਨਾਰਿ ਤਿਆਗੈ ਅੰਧਾ-ਪਰ ਨਾਰੀ ਸਿਉ ਘਾਲੈ ਧੰਦਾ ॥
ਜੈਸੇ ਸਿੰਬਲ ਦੇਖ ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਪਛਤਾਨਾ ॥
ਪਾਪੀ ਕਾ ਘਰ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥

ਦਸਮੇਸ਼ ਜੀ ਨੇ ਲਿਖਿਆ ਹੈ—

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿੱਤ ਬਢੀਯੋ ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨਾ ਜਈਯੋ ॥

ਭਾਵ—ਪਰਾਈ ਇਸਤ੍ਰੀ ਨਾਲ (ਆਪਣੀ ਵਿਵਾਹੁਤਾ ਛਡ ਕੇ) ਪ੍ਰੇਮ ਕਰਨ ਵਾਲਾ ਆਦਮੀ ਕੁਕਰਮੀ ਮੰਨਿਆ ਹੈ । ਜੈਸੇ ਤੋਤਾ (ਸੂਆ) ਸਿੰਮਲ ਰੁੱਖ ਦੇ ਸੋਹਣੇ ਤੇ ਮਨ-ਮੋਹਣੇ ਫੁੱਲਾਂ ਨੂੰ ਦੇਖ ਕੇ ਇਸ ਦੇ ਲਾਲਚ ਵੱਸ ਹੋ ਜਾਂਦਾ ਹੈ ਪਰ ਉਸ ਨੂੰ ਓਥੋਂ ਮਿਲਦਾ ਕੁਛ ਨਹੀਂ । ਇਸ ਤਰ੍ਹਾਂ ਵਿਸ਼ਈ ਪਾਪੀ ਦਾ ਹਿਰਦਾ ਵੀ ਇਸ ਤੋਤੇ ਵਾਂਗ ਫਸ ਜਾਂਦਾ ਹੈ ਅਤੇ ਆਪਣੀ ਸਾਰੀ ਜ਼ਿੰਦਗੀ ਤਬਾਹ ਕਰ ਲੈਂਦਾ ਹੈ । ਇਸ ਪਰ ਗਿਰਧਰ ਦੀ ਕੁੰਡਲੀ ਵੀ ਢੁਕਦੀ ਹੈ—

ਧੋਖੇ ਸੂਆਂ ਦਾਖ ਦੇ ਲਗਾ ਨਾਰੀਅਲ ਖਾਨ ॥
ਚੋਚੰ ਤੜਾਕਾ ਖ਼ਾ ਗਈ ਫਿਰ ਲਾਗਿਓ ਪਛਤਾਨ ॥
ਫਿਰ ਲਗਿਓ ਪਛਤਾਨ ਬੁਧਿ ਅਪਣੀ ਕੋ ਰੋਇਓ ॥
ਨਿਰਗੁਣ ਦੇ ਸੰਗ ਬੈਠ ਸਭੀ ਗੁਣ ਅਪਣਾ ਖੋਇਓ ॥



Sri Satguru Jagjit Singh Ji Elibrary NamdhariElibrary@gmail.com

ਕਹਿ ਗਿਰਧਰ ਕਵਿਰਾਇ ਸੁਆ ਤਬ ਪੜਾ ਝਰੋਖੇ ॥
ਗਈ ਤੜਕਾ ਖਾਇ ਚੋਂਚ ਦਾਰਮ ਕੇ ਧੋਖੇ ॥

ਕਿਉਂਕਿ ਪੁਰਸ਼ ਜੈਸੀ ਸੰਗਤ ਕਰਦਾ ਹੈ ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ—ਕਬੀਰ ਦੀ ਬਾਣੀ ਹੈ —

"ਜੋ ਜੈਸੀ ਸੰਗਤਿ ਕਰੈ ਸੋ ਤੈਸੋ ਫਲ ਪਾਏ।

ਇਸ ਪਰ ਕਵੀ ਵ੍ਰਿੰਦ ਵੀ ਲਿਖਦਾ ਹੈ—

"ਹੋਤਿ ਸੁ ਸੰਗਤ, ਸਹਜ ਸੁੱਖ ਦੁਖ ਕੁਸੰਗ ਕੇ ਥਾਨ ॥
ਗਾਂਧੀ ਔਰ ਲੁਹਾਰ ਕੀ ਦੇਖੋ ਬੈਠ ਦੁਕਾਨ ॥

ਭਾਵ—ਅੱਛੀ ਸੰਗਤਿ ਨਾਲ ਪੁਰਖ ਜਗਤ ਵਿਚ ਅੱਛਾ ਅਤੇ ਬੁਰੀ ਸੰਗਤਿ ਨਾਲ ਬੁਰਾ ਬਣ ਜਾਂਦਾ ਹੈ। ਇਸ ਪਰ ਲੋਕੋਕਤੀ ਹੈ—

"ਤੁਖਮ ਤਸੀਰ ਸੋਹਬਤ ਦਾ ਅਸਰ"

**ਬੁਰੇ ਪੁਰਖ ਲਈ ਗੁਰਬਾਣੀ ਦੇ ਹੋਰ ਪ੍ਰਮਾਣ—**

ਬੁਰਾ ਪੁਰਖ ਆਪਣੀ ਬੁਰਾਈ ਨਹੀਂ ਛੱਡਦਾ ਅੰਤ ਉਹੁ ਤਿਲਾਂ ਦੀ ਤਰ੍ਹਾਂ ਕੋਹਲੂ ਵਿਚ ਪੀੜਿਆ ਜਾਂਦਾ ਹੈ। ਯਥਾ—

ਤਕਹਿ ਨਾਰ ਪਰਾਈਆ ਲੁਕ ਅੰਦਰ ਠਾਣੀ।
ਅਜਰਾਈਲ ਫਰੇਸ਼ਤਾ ਤਿਲ ਪੀੜੇ ਘਾਣੀ ॥

(ਮ: ੪, ਵਾਰ ਗਉੜੀ)

ਅਤੇ ਬੁਰਾ ਪੁਰਖ ਪਰਾਈਆਂ ਇਸਤ੍ਰੀਆਂ ਭੋਗਦਾ ਹੈ ਤੇ ਸਾਧੂ ਮਹਾਂ ਪੁਰਸ਼ਾਂ ਦੀ ਨਿੰਦਾ ਕਰਦਾ ਹੈ। ਹਰੀ ਦਾ ਨਾਮ ਕਦੇ ਸੁਣਦਾ ਨਹੀਂ, ਚੋਰੀ ਕਰਦਾ ਹੈ। ਐਸੇ ਆਦਮੀ ਨੂੰ ਕਦੇ ਸ਼ਾਂਤੀ ਨਹੀਂ ਆਉਂਦੀ। ਜੈਸੇ—

ਪਰ ਤ੍ਰੀਆ ਰਮਹਿ ਬਕਹਿ ਸਾਧ ਨਿੰਦ।
ਕਰਨ ਨਾ ਸੁਨਹੀ ਹਰਿ ਜਸ ਬਿੰਦ ॥
ਹਿਰਹਿ ਪਰ ਦਰਬ ਉਦਰ ਕੈ ਤਾਈ ॥
ਅਗਨਿ ਨਾ ਨਿਵਰੈ ਤ੍ਰਿਸਨਾਂ ਨਾ ਬੁਝਾਈ ॥

(ਗਉੜੀ ਮ: ੫)

ਅਗੇ ਭਾ: ਗੁਰਦਾਸ ਜੀ ਅਪਣੀ ਰਚਨਾ ਕਬਿੱਤ ੪੯੨-੯੩ ਵਿਚ ਲਿਖਦੇ ਹੋਨ ਕਿ ਵੇਦਾਂ ਸ਼ਾਸਤ੍ਰਾਂ ਵਿਚ ਇਸਤ੍ਰੀ ਲਈ ਜਪੁ, ਤਪੁ, ਪੂਜਾ-ਪਾਠ ਆਦਿ ਕਰਨ ਦੀ ਮਨਾਹੀ



Sri Satguru Jagjit Singh Ji Elibrary NamdhariElibrary@gmail.com

ਹੈ। ਕੇਵਲ ਪਤੀ ਸੇਵਾ ਹੀ ਪ੍ਰਧਾਨ ਮੰਨੀ ਹੈ। ਆਗਿਆ ਦਾ ਪਾਲਣ ਕਰਨਾ ਹੀ ਸਭ ਕਰਮਾਂ ਕਾਂਡਾਂ ਤੋਂ ਸ੍ਰੇਸ਼ਟ ਹੈ, ਅਤੇ ਪੁਰਖ ਨੂੰ ਵੀ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਵਰਜਿੱਤ ਹੈ। ਕੇਵਲ ਗ੍ਰਿਹਸਥ ਵਿਚ ਰਹਿ ਕੇ ਹੀ ਸਾਰੇ ਕੰਮ ਕਾਜ ਸੰਜਮ ਨਾਲ ਕਰਨੇ ਸਫਲ ਕਹੇ ਹੈਨ—

ਉਦਾਹਰਣ— ਲੋਗ ਵੇਦ ਗਿਆਨ ਉਪਦੇਸ਼ ਹੈ ਪਤਿਬ੍ਰਤਾ ਕੋ।
ਮਨ ਬਚਨ ਕਰਮ ਸ੍ਵਾਮੀ ਸੇਵਾ ਅਧਿਕਾਰ ਹੈ॥

ਭਾਵ—ਜਿਵੇਂ ਲੋਕਾਂ ਨੇ ਇਸ ਗਿਆਨ ਨੂੰ ਵੇਦਾਂ ਵਿਚੋਂ ਜਾਣਿਆ ਹੈ ਕਿ ਅੱਛੀ ਇਸਤ੍ਰੀ ਵਾਸਤੇ ਮਨ ਬਾਣੀ, ਸਰੀਰ ਕਰਕੇ ਪਤੀ ਸੇਵਾ ਦਾ ਹੀ ਅਧਿਕਾਰ ਹੈ।

ਅਤੇ

ਨਾਮ ਇਸ਼ਨਾਨ ਦਾਨ ਸੰਜਮ ਨਾ ਜਾਪ ਤਾਪ
ਤੀਰਥ ਬ੍ਰੱਤ ਨੇਮ ਪੂਜਾ ਨਤ੍ਰ ਕਾਰ ਹੈ॥

ਭਾਵ—ਉਪ੍ਰੋਕਤ ਕਰਮ ਇਸਤ੍ਰੀ ਲਈ ਸਾਰੇ ਹੀ ਵਿਵਰਜਿੱਤ ਹੈਨ।

ਹੋਮ ਜਗ ਭੋਗ ਨਾਈ ਵੇਦ ਨਹੀ ਦੇਵ ਸੇਵ॥
ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ॥

ਭਾਵ—ਹੋਮ ਯਗ ਕਰਨੇ, ਦੇਵੀ ਦੇਵੀਤਿਆਂ ਨੂੰ ਭੋਗ ਲਾਉਣੇ ਅਤੇ ਪਤੀ ਬਚਨਾ ਤੋਂ ਉਲਟ ਹੋਰ ਵਾਜੇ ਆਦਿਕਾਂ ਦੇ ਸ਼ਬਦ ਸੁਨਣੇ ਤੇ ਕਿਸੇ ਦੇ ਦੁਆਰੇ ਤੇ ਜਾ ਕੇ ਝਗੜਾ ਕਰਨਾ ਯੋਗ ਨਹੀਂ।

ਤੈਸੇ ਗੁਰਸਿੱਖਨ ਮੈ ਏਕ ਟੇਕ ਹੀ ਪ੍ਰਧਾਨ
ਆਨ ਗਿਆਨ ਧਿਆਨ ਸਿਮ੍ਰਣ ਬਿਭਚਾਰ ਹੈ॥ [੪੯੨]

ਭਾਵ—ਤੇਸੇ ਇਸਤ੍ਰੀ ਵਾਂਗੁਰ ਗੁਰਸਿੱਖਾਂ ਨੂੰ ਵੀ ਕੇਵਲ ਇਕ ਅਕਾਲ ਪੁਰਖ ਦੀ ਓਟ ਲੈਣੀ ਚਾਹੀਦੀ ਹੈ ਅਤੇ ਹੋਰ ਬਾਹਰਲੇ ਗਿਆਨ ਧਿਆਨ ਕਰਨੇ ਗੁਰਮਤ ਦੀ ਵਿਚਾਰ ਤੋਂ ਬਿਨਾਂ ਹਉਮੈ ਦੀ ਚਰਚਾ ਆਦਿਕ ਇਸ ਤਰ੍ਹਾਂ ਮਾੜੇ ਹੈਨ, ਜਿਵੇਂ ਚੰਗੀ ਇਸਤ੍ਰੀ ਲਈ ਵਿਭਚਾਰ ਪੁਣਾ।

ਹੋਰ ਭਾ: ਗੁ: ੭੮੪

ਜੈਸੇ ਪਤੀਬ੍ਰੱਤਾ ਕੋ ਪਵਿੱਤ੍ਰ ਘਰ ਵਾਸ ਨਾਲ।
ਅਸਨ, ਬਸਨ, ਧਨ ਧਾਮ ਲੋਕਾਂ ਚਾਰ ਹੈ।

ਭਾਵ—ਜੈਸੇ ਪਤੀਬ੍ਰੱਤ ਇਸਤ੍ਰੀ ਲਈ ਆਪਣੇ ਘਰੁ ਵਿਚ ਹੀ ਵਸਣ ਕਰਕੇ ਸੁੱਖ ਹੈ ਅਤੇ ਹੋਰ ਅੰਨ, ਬਸਤ੍ਰ, ਧੰਨ ਆਦਿ ਕੇਵਲ ਲੋਕਾਂ ਲਈ ਦਿਖਾਵਾ ਹੀ ਹੈ।



Sri Satguru Jagjit Singh Ji Elibrary NamdhariElibrary@gmail.com

ਤਾਤ, ਮਾਤ, ਭਰਾਤ, ਸੁਤਿ ਸਜਨ ਕੁਟੰਬ ਸਖਾ।
ਸੇਵਾ ਗੁਰੂ ਜਨ ਸੁਖ ਅਭਿਰਨ ਸੰਗਾਰ ਹੈ।

ਭਾਵ—ਜੈਸੇ ਇਸਤ੍ਰੀ ਨੂੰ ਮਾਤਾ, ਪਿਤਾ, ਪੁਤਰ, ਭਰਾ ਸਕੇ ਸਬੰਧੀ, ਆਦਿ ਪਿਆਰੇ ਹੋਨ। ਤੈਸੇ ਹੀ ਗੁਰੂ ਜਨਾ ਬਜ਼ੁਰਗਾਂ ਦੀ ਸੇਵਾ ਹੀ ਪਤੀਬ੍ਰਤਾ ਲਈ ਸੁੰਦਰ ਸ਼ਿੰਗਾਰ ਹੈ।

ਕਿਰਤਿ ਬਿਰਤਿ ਪ੍ਰਸੂਤ ਮਲੂ ਮੂਤ੍ਰ ਧਾਰੀ।
ਸਕਲ ਪਵਿੱਤ੍ਰ ਜੋਈ ਬਿਬਧ ਆਚਾਰ ਹੈ।

ਭਾਵ—ਕਾਰੋਬਾਰ ਕਰਨੇ ਬੱਚਿਆਂ ਦੇ ਜਨਮ ਸਮੇਂ ਮਲ ਮੂਤ੍ਰ ਆਦਿ ਸਰੀਰ ਤੇ ਧਾਰਨੇ ਏਹ ਸਭ ਕੰਮ ਤਦੇ ਹੀ ਪਵਿੱਤ੍ਰ ਮਨੇ ਹਨ ਜੇ ਇਸਤ੍ਰੀ ਪਤੀ ਦੀ ਆਗਿਆ ਵਿਚ ਹੈ।

ਤੈਸੇ ਗੁਰ ਸਿੱਖਨ ਕੋ ਲੇਪਨ ਗ੍ਰਿਹਸਤ ਮੈ।
ਆਨ ਦੇਵ ਸੇਵ ਧ੍ਰਿਗ ਜਨਮ ਸੰਸਾਰ ਹੈ॥ (੪੮੩)

ਭਾਵ—ਤੈਸੇ ਹੀ ਗੁਰਸਿੱਖਾਂ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਆਪਣੇ ਇਸਟ ਗੁਰੂ ਦੇਵ ਅਕਾਲ ਪੁਰਖ ਨੂੰ ਯਾਦ ਕਰਨ ਨਾਲ ਜੋ ਆਨੰਦ ਹੈ ਓਹ ਹੋਰ ਦੇਵੀ ਦੇਵਤਿਆਂ ਦੀ ਪੂਜਾ ਪਾਠ ਤੋਂ ਨਹੀਂ ਅਤੇ ਜੋ ਗੁਰ ਸਿੱਖ ਆਪਣੇ ਗੁਰੂ ਇਸਟ ਨੂੰ ਛਡਕੇ ਹੋਰਨਾਂ ਦੀ ਪੂਜਾ ਕਰਦਾ ਹੈ। ਉਸ ਦਾ ਜਨਮ ਫਿਟਕਾਰਿਆ ਹੈ ਸੰਸਾਰ ਵਿਚ।

**ਪੁਰਖ ਦੇ ਬੱਤੀ ਲੱਛਣ**

ਸੁੰਦਰ ਸੁਲੱਜ ਸ਼ੁਧੀ ਸਾਹਸੀ ਸੁਹਿਰਦ ਸਾਚੋ।
ਸੂਰੋ ਸੁਚ ਸਾਵਧਾਨ ਸਾਸੱਤ੍ਰਗ ਜਾਨੀਐ॥
ਉਦਮੀ ਉਦਾਰ ਗੁਨ ਗ੍ਰਾਹੀਐ ਗੰਭੀਰ ਲਾਲ।
ਸ਼ੁੱਧ ਮਨ ਧਰਮੀ ਸ਼ਮੀ ਸੁਤੰਤ੍ਰ ਗਿਆਨੀਐ॥
ਇੰਦਰਜੀਤ ਸੱਤਿ ਬ੍ਰਿਤੀ ਸੁਕ੍ਰਿੱਤੀ ਬਿਨੀਤ।
ਤੇਜ ਵਸੀ ਦਿਜਾਲ ਪ੍ਰੀਤ ਹਰਿ ਸੋ ਪ੍ਰਮਾਨੀਐ॥
ਔਰ ਸੁਕ੍ਰਿੱਤ ਕੁਲ ਰੂਪ ਕ੍ਰਿਆ ਵੰਦ ਸਦਾ।
ਸੱਜਣ ਸੱਬੁਧ ਸਤਿ ਸੀਲ ਬ੍ਰੱਤ ਧਾਰੀ ਹੈ॥
ਬਿਚੱਖਣ ਬਿਨੋਦੀ ਜਪੀ ਵਿਸਵਾਸ ਬੰਦਨੀਯ।
ਕਵੀ ਨਿਰਲੋਭ ਦੋਯਾ ਦਾਨੀ ਉਪਕਾਰੀ ਹੈ।
ਤ੍ਰੁੱਛ ਨਿੰਦ੍ਰਾ ਇੰਦਰੇ ਜਿਤ ਸੁਚ ਪ੍ਰਕਾਸ਼ ਬੁੱਧ।
ਹਰਿ ਗੁਰ ਮਾਤ ਪਿਤਾ ਭਗਤਿ ਪਿਆਰੀ ਹੈ॥



Sri Satguru Jagjit Singh Ji Elibrary NamdhariElibrary@gmail.com

ਸਾਂਸਤ੍ਰੰਗ ਧਰਮਗ, ਮਿਤ੍ਰ ਭਗ ਬਸ ਕਾਂਮ ।
ਬੱਤੀ ਸੁਭ ਲੱਛਣ ਨਰਾਂ ਜਗਤ ਮਝਾਰੀ ਹੈ ॥
(ਲਾਲ ਕਵਿ)

ਗੁਰੂ ਜੀ ਕਹਿੰਦੇ ਹਨ ਜੋ ਪੁਰਸ਼ ਪਰਾਈ ਇਸਤ੍ਰੀ ਪਰਾਇਆ ਧਨ ਅੰਗੀਕਾਰ ਨਹੀਂ ਕਰਦਾ ਉਸ ਕੋਲ੍ਹ ਪ੍ਰਮੇਸ਼ਰ ਰਹਿੰਦਾ ਹੈ :—

ਪਰ ਧਨ ਪਰ ਦਾਰਾ ਪਰ ਹਰੀ ।
ਤਾਕੇ ਨਿਕਟ ਵਸੈ ਨਰ ਹਰੀ ॥ (ਫੁਨਹੇ ਮ: ੫)

ਅਤੇ ਪਰ ਧਨ ਪਰ ਨਿੰਦਾ ਇਨ ਸਿਉਂ ਪ੍ਰੀਤ ਨਿਵਾਰ ।
ਚਰਨ ਕੰਵਲ ਸੇਵੀ ਰਿਦ ਅੰਤਰ ਗੁਰ ਪੂਰੇ ਕੇ ਅਧਾਰ ॥
(ਆਸਾ ਮ: ੫)

**ਅੰਨਦਾਨ ਤਥਾ ਅਥਿੱਤੀ ਸੇਵਾ**

ਪਿਛੇ ਅਸੀਂ ਇਸਤ੍ਰੀ ਦੇ ਬੱਤੀ ਲਕੱਸ਼ਣਾ ਵਿਚ "ਆਏ ਪ੍ਰੋਹਣਿਆਂ ਆਦਰ" ਭਾਵ ਅਤਿੱਥੀ ਸੇਵਾ ਦਾ ਜ਼ਿਕਰ ਸੰਖੇਪ ਨਾਲ ਕੀਤਾ ਹੈ ਪ੍ਰੰਤੂ ਏਥੇ ਈਸ਼ਾਦ ਨੌਂ ਓਪਨਿਸ਼ਦ ਦੇ ਦਸਵੇਂ ਅਨੁਵਾਕ ਵਿਚੋਂ (ਅੰਨਦਾਨ ਦਾ) ਮਹਾਤਮ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ ।

**ਅੰਨ ਦਾਨ**—ਅਥਿੱਥੀ ਸੇਵਾ* ਸਭ ਤੋਂ ਸ੍ਰੇਸ਼ਟ ਕਰਮ ਗ੍ਰਿਸਤੀ ਵਾਸਤੇ ਸਾਸ਼ਤ੍ਰਾਂ ਨੇ ਬਿਆਨ ਕੀਤਾ ਹੈ । ਗ੍ਰਿਹਸਤੀ ਦਾ ਧਰਮ ਹੈ ਕਿ ਘਰ ਆਏ ਪ੍ਰਾਹੁਣਿਆਂ ਦਾ ਖੁਸ਼ੀ ਨਾਲ ਖਿੜੇ ਮੱਥੇ ਸਤਿਕਾਰ ਕਰਨਾ ਤੇ ਪ੍ਰੇਮ ਪੂਰਬਕ ਭੋਜਨ ਛਕੋਣਾ, ਇਸ਼ਨਾਨ ਕਰਾਂ ਕਪੜੇ ਬਸਤ੍ਰ ਦੇ ਕੇ ਅਤਿੱਥੀ ਨੂੰ ਸੰਤੁਸ਼ਟ ਕਰਨਾ। ਇਸ ਦਾ ਬੜਾ ਮਹੱਤਵ ਲਿਖਿਆ ਹੈ ਜਿਸ ਦਾ ਭਾਵ ਪਾਠਕਾਂ ਪ੍ਰਤੀ ਲਿਖਦੇ ਹਾਂ ।

ਭਾਵ ਯਹਿ ਹੈ ਕਿ ਜੋ ਮਨੁੱਖ ਅਤਿੱਥੀ ਸੇਵਾ ਦਾ ਪੂਰਾ ਲਾਭ ਉਠਾਣਾ ਚਾਹੇ ਉਸ ਕੋ ਸਭ ਸੇ ਪਹਿਲੇ ਤੋ ਯਹਿ ਨਿਯਮ ਲੇਨਾ ਚਾਹੀਏ ਕਿ ਮੇਰੇ ਘਰ ਪਰ ਜੋ ਅਤਿੱਥੀ ਆਸਰੇ ਕੀ ਆਸ਼ਾ ਸੇ ਪਧਾਰੇਗਾ । ਮੈਂ ਉਸ ਕੋ ਕਬੀ ਸੁਖਾ ਜੁਵਾਬ ਦੇ ਕਰ ਨਿਰਾਸ ਨਹੀਂ ਲੋਟਾਊਂਗਾ । "ਅਤੱਥੀ ਦੇਵੋ ਭਵਹਿ" ਅਤਿੱਥੀ ਕੀ ਦੇਵਤਾ ਬੁਧਿ ਸੇ ਸੇਵਾ ਕਰੋ । ਯਹਿ ਉਪਦੇਸ ਗੁਰੂ ਕੇ ਦੁਆਰਾ ਸਨਾਤਨ ਸਿੱਖੋਂ ਕੋ ਪਹਿਲੇ ਹੀ ਦੀਆਂ ਜਾ ਚੁੱਕਾ ਹੈ । ਇਸ ਪ੍ਰਕਾਰ ਕਾ ਨਿਯਮ ਲੇਨੇ ਪਰ ਹੀ ਅਤਿੱਥੀ ਸੇਵਾ ਸੰਭਵ ਹੈ । ਯਹਿ ਵਰਤ ਲੇਕਰ ਇਸ ਕਾ ਪਾਲਨ ਕਰਨੇ ਕੇ ਲੀਏ ਕੇਵਲ ਅਪਨਾ ਤਥਾ ਕੁਟੰਬ ਕਾ ਪੋਖਣ ਕਰਨੇ ਕੇ ਲੀਏ

---

*ਅਥਿਤੀ ਤੋਂ ਭਾਵ ਬਿਨਾ ਮਿੱਥੇ ਸਮੇਂ ਆਉਣ ਵਾਲਾ (ਅਚਾਨਿਕ)



Sri Satguru Jagjit Singh Ji Elibrary NamdhariElibrary@gmail.com

ਹੀ ਨਹੀਂ । ਜਿਸ ਕਿਸੀ ਭੀ ਨਿਆਂ ਯੋਚਿਤ ਉਪਾਏ ਸੇ ਬਹੁਤ ਅਨੇਕਾਂ ਉਪਾਰਜਨ ਕਰੇ । ਧਨ-ਸੰਪਤੀ ਔਰ ਅੰਨਾਦਿ ਜੋ ਸਰੀਰ ਕੇ ਪਾਲਣ ਪੋਖਣ ਕੇ ਲੀਏ ਉਪਯੋਗ ਸਮੱਗ੍ਰੀ ਹੈ, ਉਨੇ ਪ੍ਰਾਪਤ ਕਰਨੇ ਕੇ ਲੀਏ ਜਿਤਨੇ ਭੀ ਨਿਆਇ ਯੋਚਿੰਤ ਉਪਾਏ ਬਤਾਏ ਗਏ ਹੈ। ਤਥਾ ਪੂਰਬ ਕੇ ਤੀਨ ਅਨੁਵਾਕਿਯੋ ਮੇ ਭੀ ਜੋ ਜੋ ਬਤਾਏ ਏ ਹੈ ਉਨਮੇਂ ਕਿਸੀ ਕੇ ਭੀ ਦੁਆਰਾ ਬਹੁਤ ਸਾ ਅੰਨ ਪ੍ਰਾਪਤ ਕਰਨਾ ਚਾਹੀਏ। ਅਰਥਾਤ ਅਤਿੱਥੀ ਸੇਵਾ ਕੇ ਲੀਏ ਅਵੱਸ਼ਕ ਵਸਤੂਓਂ ਕਾ ਅਧਿੱਕ ਮਾਤ੍ਰਾਓਂ ਮੇ ਸੰਗ੍ਰਹਿ ਕਰਨਾ ਚਾਹੀਏ। ਕਿਉਂਕਿ ਅਤਿੱਥੀ ਸੇਵਾ ਗ੍ਰਿਹਸਥੋਂ ਚਿੱਤ ਸਦਾਚਾਰਕ ਇਕ ਅਵੱਸ਼ਕ ਅੰਗ ਹੈ। ਅੱਛੇ ਪ੍ਰਤਿਸੱਠਤ ਮਨੁੱਖ ਘਰ ਆਏ ਅਤਿੱਥੀ ਸੇ ਯਹੀ ਕਹਿਤੇ ਹੈਂ ਆਈਏ ਬੈਠੀਏ ਭੋਜਨ ਤਿਆਰ ਹੈ। ਇਤਿਆਦਿ ਵੇ ਯਹਿ ਕਦਾਪੀ ਨਹੀਂ ਕਹਿਤੇ ਕਿ ਹੁਮਾਰੇ ਯਹਾਂ ਆਮਕੀ ਸੇਵਾ ਕੇ ਲੀਏ ਉਤਯੁੱਤ ਵਸਤੂਏਂ ਅਥਵਾ ਰਹਿਨੇ ਕਾ ਸਥਾਨ ਨਹੀਂ ਹੈ। ਜੋ ਮਨੁੱਖ ਆਪਨੇ ਘਰ ਪਰ ਆਏ ਹੁਏ ਅਤਿੱਥੀ ਕੋ ਅਧਿੱਕ ਆਦਰ ਸਤਿਕਾਰ ਪੂਰਬਕ ਉਤਮ ਭਾਵ ਸੇ ਵਿਸ਼ੁੱਧ ਸਮਗ੍ਰੀਓਂ ਦੁਆਰਾ ਸੇਵਾ ਕਰਤਾ ਹੈ, ਉਸੇ ਸ਼ੁੱਧਤਾ ਪੂਰਬਕ ਤਿਆਰ ਕੀਆ ਹੂਆ ਭੋਜਨ ਦੇਤਾ ਹੈ ਓਸ ਕੋ ਭੀ ਉਤਮ ਭਾਵ ਸੇ ਅੰਨ ਪ੍ਰਾਪਤ ਹੋਤਾ ਹੈ, ਅਰਥਾਤ ਉਸੇ ਭੋਗ ਪ੍ਰਦਾਰਥੋਂ ਕੇ ਸੰਗ੍ਰਹ ਕਰਨੇ ਮੇ ਕੋਈ ਕਠਨਾਈ ਕਾ ਸਾਮਨਾ ਨਹੀਂ ਕਰਨਾ ਪੜਤਾ। ਅਤਿੱਥੀ ਸੇਵਾ ਕਿ ਪ੍ਰਭਾਉ ਸੇ ਓਸੇ ਕਿਸੀ ਬਾਤ ਕੀ ਕਮੀ ਨਹੀਂ ਰਹਿਤੀ। ਅਨਾ ਆਸ ਉਸ ਕੀ ਸਾਰੀ ਅਵੱਸ਼ਕਤਾਏ ਪੂਰਣ ਹੋਤੀ ਰਹਿਤੀ ਹੈ। ਸਧਾਰਣ ਰੀਤ ਸੇ ਭੋਜਨ ਤਿਆਰ ਕਰਕੇ ਵਸੇਖ ਆਦਰ ਸਤਿਕਾਰ ਕੇ ਬਿਨਾ ਹੀ ਅਤਿੱਥੀ ਕੋ ਭੋਜਨ ਆਦਿ ਤਿਆਰ ਕਰਕੇ ਓਸੇ ਸੁਖ ਪਹੁਚਾਹਤਾ ਹੈ ਤੋ ਉਸੇ ਭੀ ਸਧਾਰਣ ਰੀਤ ਸੇ ਅੰਨ ਪ੍ਰਾਪਤ ਹੋਤਾ ਹੈ। ਅਰਥਾਤ ਅੰਨ-ਬਸਤ੍ਰ ਆਦਿ ਪਦਾਰਥੋਂ ਕਾ ਸੰਗ੍ਰਹਿ ਕਰਨੇ ਮੇ ਉਸੇ ਸਾਧਾਰਣ ਤਾਂ ਅਵੱਸ਼ਕ ਪ੍ਰੀਸ਼ਰਮ ਕਰਨਾ ਪੜਤਾ ਹੈ। ਜਿਸ ਭਾਵ ਸੇ ਵੋਹ ਅਤਿੱਥੀ ਕੋ ਦੇਤਾ ਹੈ ਓਸੀ ਭਾਵ ਸੇ ਉਤਨੇ ਆਦਰ ਸਤਿਕਾਰ ਕੇ ਸਾਥ ਉਸੇ ਵੋ ਵਸਤੂਏ ਮਿਲਤੀ ਹੈ। ਇਸ ਪ੍ਰਕਾਰ ਯਦੀ ਕੋਈ ਅੰਤਮ ਵਿਰਤੀ ਸੇ ਅਰਥਾਤ ਬਿਨਾ ਕਿਸੀ ਪ੍ਰਕਾਰ ਕਾ ਸਤਿਕਾਰ ਕੀਏ ਤੁੱਛ ਭਾਵ ਸੇ ਭਾਰ ਰੂਪ ਸਮਝ ਕਰ ਅਤਿੱਥੀ ਕੀ ਸੇਵਾ ਕਰਤਾ ਹੈ ਉਸੇ ਨਕ੍ਰਿੱਸਟ ਭਾਵ ਸੇ ਅਸ਼ਰਧਾ ਪੂਰਬਕ ਤਿਆਰ ਕੀਆ ਹੂਆ ਭੋਜਨ ਆਦਿ ਪਦਾਰਥ ਦੇਤਾ ਹੈ ਤੋ ਉਸੇ ਵੇ ਪਦਾਰਥ ਵੈਸੇ ਹੀ ਭਾਵ ਸੇ ਪ੍ਰਾਪਤ ਹੋਤੇ ਹੈ। ਅਰਥਾਤ ਉਨ ਕੀ ਪ੍ਰਾਪਤੀ ਕੇ ਲੀਏ ਉਸੇ ਅਧਿੱਕ ਸੇ ਅਧਿੱਕ ਪ੍ਰੀਸ਼ਰਮ ਕਰਨਾ ਪੜਤਾ ਹੈ। ਲੋਗੋਂ ਕੀ ਖੁਸਾਮੰਦ ਕਰਨੀ ਪੜਤੀ ਹੈ। ਜੋ ਮਨੁੱਖ ਇਸ ਰਹੱਸ ਕੋ ਇਸ ਪ੍ਰਕਾਰ ਜਾਨਤਾ ਹੈ ਵਹਿ ਉਤਮ ਰੀਤ ਸੇ ਔਵਿਸ਼ੁੱਧ ਭਾਵ ਸੇ ਅਤਿੱਥੀ ਸੇਵਾ ਕਰਤਾ ਹੈ ਅਥਾਹ ਉਸੇ ਸ੍ਰਵੋਤਮ ਫਲ ਜੋ ਪਹਿਲੇ ਤੀਨ ਅਨੁਵਾਕਿਓਂ ਮੇ ਬਤਾਇਆ ਗਿਆ ਹੈ, ਮਿਲਤਾ ਹੈ। ਪੂਰਾ ਸਲੋਕ ਇਸ ਪ੍ਰਕਾਰ ਹੈ—

ਨਾ ਕੰਚਨ ਵਸਤੌਂ ਪ੍ਰਤਿਜਾਚਕਸ਼ੀਤ।
ਤਦ੍ਰ ਵ੍ਰਤਮ੍।



Sri Satguru Jagjit Singh Ji Elibrary NamdhariElibrary@gmail.com

ਤਸਮਾਧਿੱਜਾ ਕਯਾ ਚ ਵਿੱਧਯਾ ਬਹੁ ਅੰਨ੍ਹ ਪ੍ਰਾਪਨੁਯਾਤ ।
ਅਰਾਧਿਯੱਸਮਾ ਅੰਨ ਮਿੱਤਜਾ ਚਕੱਸ਼ਤੇ ।
ਇੱਤ ਦ੍ਰੈ ਮੁਖ ਤੋਂ ਅੰਨ ਰਾਧਮ੍ਹੁੰ ।
ਮੁਖ ਤੋ ਸਮਾਂ ਅੰਨਰਾਧੱਜਤੇ ।
ਇੱਤ ਦ੍ਰੈ ਮੱਧ ਤੋ ਅੰਨ ਰਾਧਮ੍ਹੁੰ ਮਧਤੋਸਮਾ ਅੰਨ ਰਾਧਜਤੇ ।
ਇਤ ਦ੍ਰੈ ਅੰਤ ਤੋ ਅੰਨ ਰਾਧਮ੍ਹੁੰ ।
ਅੰਤ ਤੋਸਮਾ ਅੰਨ ਰਾਧਜਤੇ ।
ਯ ਇਵੰ ਵੇਦ ।

ਐਸੇ ਹੀ ਅੰਨ ਦਾਨ ਕਰਨ ਵਾਲਾ ਪ੍ਰਾਣੀ ਸੰਸਾਰ ਵਿਚ ਸਦਾ ਜੀਵਤ ਰਹਿੰਦਾ ਹੈ । ਇਸ ਕਾਰਣ ਹੀ ਗੁਰੂ ਨਾਨਕ ਸੰਪ੍ਰਦਾ ਵਿਚ ਲੰਗਰ ਦੀ ਵਿਵੱਸਥਾ ਹੁਣ ਤੀਕ ਕਾਇਮ ਚਲੀ ਆ ਰਹੀ ਹੈ । ਗੁਰੂ ਘਰ ਵਿਚ ਸੰਗਤਿ ਪੰਗਿਤ, ਦੇਗ-ਤੇਗ ਆਦਿ ਫਤਹਿ ਦਾ ਸਦਾ ਨਿਸ਼ਾਨ ਝੂਲਦਾ ਰਹੇਗਾ । ਜ਼ਿਲਾ ਜਲੰਧਰ ਤਸੀਲ ਫਿਲੌਰ ਵਿਚ ਪਿੰਡ ਢੇਸੀਆ ਕਾਹਨੇ ਦੀਆਂ ਮਸ਼ਹੂਰ ਹੈ । ਸਿਆਣੇ ਬਜ਼ੁਰਗ ਦਸਦੇ ਹਨ ਕਿ ਇਥੇ ਢੇਸੀ ਗੋਤ ਦਾ ਕਾਹਨਾ ਜੱਟ ਹੁੰਦਾ ਸੀ—ਜਿਸ ਨੇ ਆਪਣੇ ਖੂਹ ਨੂੰ ਜਾਣ ਵਾਲੇ ਰਸਤੇ ਵਿਚ ਲੰਗਰ ਲਾਇਆ ਹੋਇਆ ਸੀ ਜੋ ਰਾਹੀ ਪਾਂਧੀ ਇਸ ਰਸਤੇ ਲੰਘਦਾ ਸੀ ਉਹ ਓਥੋਂ ਲੰਗਰ ਛਕਣੋਂ ਬਿਨਾਂ ਨਹੀਂ ਜਾ ਸਕਦਾ ਸੀ । ਏਹ ਉਸ ਕਾਹਨੇ ਦਾ ਨਿਯਮ ਸੀ । ਇਸ ਕਾਰਨ ਕਰਕੇ ਪਿੰਡ ਦਾ ਨਾਮ ਹੀ ਢੇਸੀਆ ਕਾਹਨੇ ਦੀਆ ਪੈ ਗਿਆ । ਭਾਵ ਜਦ ਤਕ ਪਿੰਡ ਢੇਸੀਆ ਰਹੇਗਾ ਕਾਹਨੇ ਦਾ ਨਾਮ ਵੀ ਓਦੋਂ ਤਕ ਅਮਰ ਰਹੇਗਾ । ਏਹ ਅੰਨ ਦਾਨ ਦਾ ਪ੍ਰਭਾਵ ਹੈ ।

ਇਕ ਇਸ ਕਾਹਨੇ ਦਾ ਭਰਾ ਜੋਧਾ ਢੇਸੀ ਸੀ । ਇਸ ਨੇ ਆਪਣਾ ਪਿੰਡ ਵਖਰਾ ਕਾਇਮ ਕੀਤਾ ਹੋਇਆ ਸੀ । ਇਸ ਪਿੰਡ ਦਾ ਨਾਮ ਵੀ ਢੇਸੀਆ ਹੈ । ਏਹ ਭਾਈ ਜੋਧਾ ਗੁਰੂ ਅਰਜਨ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਸਮੇਂ ਨਾਲ ਬਹੁਤੀ ਸੰਗਤ ਲੈ ਕੇ ਜਾਂਦਾ ਹੁੰਦਾ ਸੀ । ਇਸ ਪ੍ਰਭਾਵ ਕਾਰਣ ਇਸ ਦਾ ਨਾਂ ਬਾਬਾ ਸੰਗ ਵਾਲਾ ਪੈ ਗਿਆ; ਹੁਣ ਇਸ ਪਿੰਡ ਦਾ ਨਾਮ "ਢੇਸੀਆ ਸੰਗ ਵਾਲੀਆ" ਨਾਮ ਤੇ ਪ੍ਰਖਿਆ ਹੰਨ । ਏਥੇ ਬੜਾ ਭਾਰੀ ਮੇਲਾ ਲਗਦਾ ਹੈ । ਲੜਕੀਆਂ ਮੁੰਡਿਆਂ ਦੇ ਕਾਲਜ, ਸਕੂਲ ਵੀ ਬਣੇ ਹੋਏ ਹੰਨ । ਵਿਸਾਖੀ ਦਾ ਮੇਲਾ ਭਰਦਾ ਹੈ । ਭਾ: ਗੁਰਦਾਸ ਜੀ ਨੇ ਵੀ ਇਸ ਨੂੰ ਗੁਰੂ ਅਰਜਨ ਦੇ ਸਿੱਖਾਂ ਵਿਚ ਲਿਖਿਆਂ ਹੈ । ਜੈਸੇ—

"ਢੇਸੀ ਜੋਧੇ ਸੰਗੂਹੇ ਅਤੇ ਢੇਸੀ ਜੋਧ ਵਖਾਣੀਐਂ" ਆਦਿ ॥

ਇਸ ਤਰ੍ਹਾਂ ਨੇਕ ਪੁਰਸ਼ਾਂ ਦੇ ਨਾਮ ਸੰਸਾਰ ਵਿਚ ਸਦਾ ਚਾਨਣ ਮੁਨਾਰੇ ਵਤਿ ਚਮਕਦੇ ਰਹਿੰਦੇ ਹੰਨ ।



Sri Satguru Jagjit Singh Ji Elibrary NamdhariElibrary@gmail.com

## ਅੱਛੀ-ਸੰਤਨ ਦੀ ਉਤਪਤੀ

ਮਹਾਂ ਪੁਰਖ ਵਿਦਵਾਨਾਂ ਨੇ ਸੰਤਾਨ ਸੁੰਦਰ ਗੁਣਾਂ ਵਾਲੀ ਕਿਵੇਂ ਪੈਦਾ ਹੋ ਸਕਦੀ ਹੈ ? ਇਸ ਗੱਲ ਦੇ ਸਹੀ ਹਲ ਲਭ ਲਏ ਹੋਨ, ਇਸ ਦਾ ਉਦਾਹਰਣ ਦਸਮੇਸ਼ ਜੀ ਨੇ ਦਸਮ ਗ੍ਰੰਥ ਪ੍ਰਹਿਲਾਦ ਦੇ ਪ੍ਰਸੰਗ ਵਿਚ ਲਿਖਿਆ ਹੈ, ਜੈਸੇ—

**ਪਾਧਰੀ ਛੰਦ**—ਏਕ ਦਿਓਸ ਗਯੋ ਨਿਜ ਨਾਰ ਤੀਰ।

ਸਜ ਸੁਧ ਸਾਜ ਨਿਜ ਅੰਗ ਬੀਰ।
ਕਿਹ ਭਾਂਤ ਸਤੁੱਧ ਮੈ ਭਯੋ ਨਿਰੁਕਤ।
ਤਬ ਭਯੋ ਦੁਸਟ ਕੋ ਬੀਰਜ ਮੁਕਤ।
ਪ੍ਰਹਿਲਾਦ ਭਗਤ ਲੀਨੋ ਅਵਤਾਰ।
ਕਰਨ ਕਾਜ ਸੰਤਨ ਉਧਾਰ। ਆਦਿ

ਭਾਵ—ਪ੍ਰਾਣੀ ਦੇ ਅੱਛੇ-ਬੁਰੇ ਸੁਭਾਉ ਵਿਚਾਰਾਂ ਤੇ ਨਿਰਭਰ ਹੈ ! ਕਿਉਂਕਿ ਵੀਰਯ ਦਾ ਟਿਕਾਉ ਸਥਾਨ ਮਨੁੱਖ ਦਾ ਦੀਮਾਗ ਹੈ, ਏਥੇ ਹੀ ਸਰੀਰ ਵਿਚੋਂ ਸੁੱਧ ਹੋਇਆ ਅੰਨ ਦਾ ਰਸ ਮਨੁੱਖ ਦੇ ਦੀਮਾਗ ਵਿਚ ਪਹੁਚਦਾ ਹੈ ਤੇ ਜਿਸ ਤੋਂ ਵੀਰਯ ਦੀ ਬੂੰਦ ਤਿਆਰ ਹੁੰਦੀ ਹੈ। ਏਹ ਹੀ ਸੁਧ ਬੀਰਜਾ ਇਸਤ੍ਰੀ ਸੰਗ ਸਮੇਂ ਇਸਤ੍ਰੀ ਦੇ ਗ੍ਰਭ ਵਿਚ ਪ੍ਰਵੇਸ਼ ਹੋ ਕੇ ਮਨੁੱਖ-ਪ੍ਰਾਣੀ ਦੀ ਬਣਤਰ ਲਈ ਸਹਾਇਕ ਹੁੰਦਾ ਹੈ। "ਬਿੰਦ ਤੇ ਜਿਨ ਪਿੰਡ ਕੀਆ" ਅਤੇ ਮਾਤ ਪਿਤਾ ਬਿਨ ਬਾਲ ਨ ਹੋਈ।" ਗੁਰਬਾਣੀ ਦਾ ਸਿਧਾਂਤ ਹੈ। ਇਸ ਵੀਰਯ ਸਥਾਨ ਦਿਮਾਗ ਵਿਚ ਮਨੁੱਖ ਦੇ ਵਿਚ ਅਨੇਕਾਂ ਵਿਚਾਰ ਹੁੰਦੇ ਹਨ। ਇਨ੍ਹਾਂ ਵਿਚਾਰਾਂ ਦੇ ਪ੍ਰਭਾਓ ਕਰਕੇ ਹੀ ਸੰਤਾਨ ਉਤਪਨ ਹੁੰਦੀ ਹੈ। ਏਹ ਕੁਦਰਤ ਨਿਯਮ ਹੈ ਕਿ ਜੇਹੋ ਜਿਹਾ ਬੀਜ ਬੀਜਆ ਜਾਵੇਗਾ ਓਹ ਉਸ ਤਰ੍ਹਾਂ ਦੀ ਹੀ ਉਗੇਗਾ। ਇਕ ਏਹ ਵੀ ਦ੍ਰਿਸਟਾਂਤ ਹੈ ਕਿ ਹਰਨਾਕਸ਼ ਦੈਂਤ ਦੇ ਘਰ ਪ੍ਰਹਿਲਾਦ ਭਗਤ ਕਿਵੇਂ ਪੈਦਾ ਹੋ ਗਿਆ ? ਏਹ ਇਸ ਲਈ ਕਿ ਹਰਨਾਕਸ਼ ਵਿਸ਼ਨੂੰ ਨੂੰ ਆਪਣਾ ਦੁਸ਼ਮਨ ਸਮਝ ਦਾ ਸੀ ਤੇ ਇਸਤ੍ਰੀ ਸੰਗ ਸਮੇਂ ਉਸ ਦੇ ਵਿਸ਼ਨੂ ਦਾ ਅਕਸ਼ ਦੀਮਾਗ ਵਿਚ ਆ ਗਿਆ ਤੇ ਉਸ ਦਾ ਵੀਰਯ ਨਿਕਲ ਗਿਆ ਇਸ ਲਈ ਪ੍ਰਹਿਲਾਦ ਭਗਤ ਦਾ ਜਨਮ ਇਨ੍ਹਾਂ ਵਿਚਾਰਾਂ ਕਰਕੇ ਹੋਇਆ। ਭਾਈ ਗੁਰਦਾਸ ਜੀ ਨੇ ਲਿਖਆ ਹੈ—"ਘਰ ਹਰਨਾਕਸ਼ ਦੈਂਤ ਦੇ ਕੱਲਰ ਕਵਲ ਭਗਤ ਪ੍ਰਹਿਲਾਦ" ਕਿਉਂਕਿ ਕਲਰ ਵਿਚ ਕੰਵਲ ਨਹੀਂ ਉਗਦਾ, ਹਰਨਾਕਸ਼ ਦਾ ਮਨ ਕੱਲਰ ਸੀ ਕੇਵਲ ਵਿਸ਼ਨੂ ਦੀ ਮੂਰਤੀ ਦਾ ਅਕਸ਼ ਆਉਣ ਨਾਲ ਭਗਤ ਦਾ ਜਨਮ ਹੋ ਗਿਆ। ਆਮ ਕਹਾਵਤ ਹੈ ਕਿ "ਇਕ ਬਾਪ ਕੇ ਦੋ ਬੇਟੇ ਕਿਸਮਤ ਜੁਦਾ ਜੁਦਾ ਹੈ।" ਵੀਰਯ ਤਾਂ ਬਾਪ ਦੇ ਦਿਮਾਗ ਵਿਚੋਂ ਹਰੇਕ ਬੱਚੇ ਲਈ ਇਕੋ ਜਿਹਾ ਹੀ ਹੁੰਦਾ ਹੈ, ਫਿਰ ਸਭ ਸੰਤਾਨ ਦਾ ਇਕੋ ਜਿਹਾ ਸੁਭਾਓ ਕਿਉਂ ਨਹੀਂ ਏਥੇ ਸਿੱਧ ਹੁੰਦਾ ਹੈ ਕਿ ਆਦਮੀ ਦੇ ਆਪਣੇ ਵਿਚਾਰਾਂ ਤੇ ਸੰਤਾਨ ਚੰਗੀ-ਮਾੜੀ ਪੈਦਾ ਹੁੰਦੀ ਹੈ ਇਹ ਅਨੇਕ ਗ੍ਰੰਥਾਂ ਦਾ ਸਿਧਾਂਤ ਹੈ।



Sri Satguru Jagjit Singh Ji Elibrary NamdhariElibrary@gmail.com

ਅੱਛੇ ਰਹਨ ਸਹਨ ਤੋਂ ਹੁਸਨ (ਸੁੰਦਰਤਾ) ਔਂਦੀ ਹੈ। ਅਤੇ ਸ਼ੁੱਧ ਸੁੱਚ ਭੋਜਨ ਤੋਂ ਬੁਧਿਵਾਨ ਸੰਤਾਨ ਪੈਦਾ ਹੁੰਦੀ ਹੈ। ਗਾਂਧੀ ਜੀ ਕਹਿੰਦੇ ਹੁੰਦੇ ਸਨ। ਮਨ ਦੀ ਸ਼ੁੱਧੀ ਸ਼ੁੱਧ ਆਹਾਰ ਹੈ। ਅਛੇ ਵਾਤਾਵਰਣ ਰਹਣ ਸਹਣ ਤੋਂ ਸੁੰਦਰ ਸੰਤਾਨ ਪੈਦਾ ਹੁੰਦੀ ਹੈ। "ਜੈਸਾ ਅੰਨ ਵੈਸਾ ਮਨ" ਸੋ ਸਾਖੀ ਵਿਚ ਔਂਦਾ ਹੈ—

ਰਹਣੀ ਰਹੇ ਸੋਈ ਸਿੱਖ ਮੇਰਾ ਓਹੁ ਸਾਹਿਬ ਮੈ ਉਸਦਾ ਚੇਰਾ।
ਅਤੇ ਜਹਾਂ ਕਹਾਂ ਕਾ ਸੁਕੇ ਪ੍ਰਸਾਦ ਸਿੱਖ ਨਹੀਂ ਮੇਰਾ ਆਦਿ ਜੁਗਾਦ॥
ਜਾਂਕੀ ਰਹਤ ਨਾ ਜਾਣੀਏ, ਗੁਰ ਮੰਤ੍ਰ ਨਹੀਂ ਚੀਤ॥
ਤਾਕਾ ਭੋਜਨ ਖਾਏਕੇ ਵਿਸਰੇ ਹਰਿ ਸਿਉਂ ਪ੍ਰੀਤ॥

ਭਾਵ—ਜਿਸ ਦੀ ਰਸਨਾ ਤੇ ਗੁਰੂ ਸਬਦ (ਮੰਤ੍ਰ) ਨਹੀਂ ਅਤੇ ਘਰ ਦੀ ਰਹਿਤ ਮ੍ਰਿਯਾਦਾ ਨਹੀਂ ਓਸ ਘਰ ਦਾ ਭੋਜਨ ਬੁਧਿ ਨਸ਼ਟ ਕਰ ਦੇਂਦਾ ਹੈ :— ਐਸੀ ਇਕ ਕਥਾ ਸੁਆਮੀ ਰਾਮਾ ਨੰਦ ਜੀ ਦੀ ਆਉਂਦੀ ਹੈ ਕਿ ਉਸ ਦੇ ਚੇਲੇ ਨੇ ਕਿਸੇ ਨੀਚ ਘਰ ਦਾ ਅੰਨ ਲਿਆ ਕੇ ਸੁਆਮੀ ਜੀ ਨੂੰ ਦਿਤਾ ਉਸ ਦਿਨ ਸੁਆਮੀ ਜੀ ਦੀ ਬਿਰਤੀ ਨਹੀਂ ਲਗੀ ਇਸ ਲਈ ਮਹਾ ਪੁਰਖ ਸੁੱਚ ਸੋਧ ਤੇ ਜ਼ੋਰ ਦੇਂਦੇ ਹਨ। ਸੁਚ ਸੋਧ ਦਾ ਏਹ ਮਤਲਬ ਨਹੀਂ ਕਿ ਦੂਸਰਿਆਂ ਤੋਂ ਘਿਰਣਾ ਕਰੋ। ਕੋਸ਼ਸ਼ ਤਾਂ ਏਹ ਕਰਨੀ ਚਾਹੀਦੀ ਹੈ ਕਿ ਬੁਰੇ ਲੱਛਣਾਂ ਵਾਲੇ ਆਦਮੀ ਨੂੰ ਅੱਛੀ ਸਿਖਿਆ ਦੇ ਕੇ ਚੰਗੇ ਗੁਣਾਂ ਵਾਲਾ ਬਣੌਣਾ।

ਕਿਤਨੇ ਸੱਜਨਾਂ ਦਾ ਖਿਆਲ ਹੈ ਕਿ ਇਕ ਥਾਂ ਕਠੇ ਬੈਠੇ ਇਕੋ ਥਾਲੀ ਵਿਚ ਖਾਣੇ ਨਾਲ ਪਿਆਰ ਵੱਧਦਾ ਹੈ, ਪਰ ਏਹ ਭੁੱਲ ਹੈ ਕਿਉਂ ਜੂਠ ਖਾਣ ਨਾਲ ਕਈ ਰੋਗ ਵੀ ਇਕ ਤੋਂ ਦੂਜੇ ਨੂੰ ਲੱਗ ਸਕਦੇ ਹਨ। ਹਰੇਕ ਪ੍ਰਾਣੀ ਦਾ ਅੰਤਸਕਰਣ ਇਕੋ ਜਿਹਾ ਨਹੀਂ ਹੁੰਦਾ।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜੂਠ ਖਾਣ ਨੂੰ ਚੰਗਾ ਨਹੀਂ ਮੰਨਿਆਂ। ਕਈਆਂ ਸਿੱਖਾਂ ਦਾ ਖਿਆਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨਾਲ ਅੰਮ੍ਰਿਤ ਛਕਾਇਆ। ਇਸ ਦੇ ਸਮਝਣ ਵਿਚ ਭੇਦ ਹੈ। ਇਕੋ ਬਾਟੇ ਤੋਂ ਭਾਵ ਹੈ ਕਿ ਜੋ ਅੰਮ੍ਰਿਤ ਗੁਰੂ ਜੀ ਦੁਆਰਾ ਤਿਆਰ ਕੀਤਾ ਗਿਆ ਸੀ ਉਸ ਲਈ ਬਾਟਾ ਤਾਂ ਇਕੋ ਹੀ ਸੀ ਤੇ ਇਕ ਵਿਚੋਂ ਹੀ ਸਭਨਾਂ ਨੂੰ ਅੰਮ੍ਰਿਤ ਛਕਾਇਆ ਗਿਆ — ਪਿਲਾਇਆ ਨਹੀਂ ਗਿਆ, ਜੇ ਪਿਲਾਇਆ ਹੁੰਦਾ ਤਾਂ ਕਿਸੇ ਹੱਦ ਤਕ ਮਤਲਬ ਸਿੱਧ ਹੋ ਸਕਦਾ ਸੀ ਪ੍ਰੰਤੂ ਇਤਿਹਾਸ ਦਾ ਵਾਕਿਆ ਖੋਜ ਦਾ ਮੁਥਾਜ ਹੈ ਸੋ ਬਾਟੇ ਨਾਲ ਮੂਹ ਲਾ ਕੇ ਅੰਮ੍ਰਿਤ ਪੀਣਾ ਵੈਦਕ ਅਤੇ ਗੁਰਮ੍ਰਿਯਾਦਾ ਵਿਰੁਧ ਹੈ।

ਉਪ੍ਰੋਕਤ ਸਾਰੇ ਮਜ਼ਮੂਨ ਦਾ ਭਾਵ ਏਹ ਹੈ ਕਿ ਹਰੇਕ ਪ੍ਰਾਣੀ ਮਾਤ੍ਰ ਲਈ ਸ਼ੁਧ ਪਵਿੱਤ੍ਰ ਤਿਆਰ ਕੀਤਾ ਹੋਇਆ ਪ੍ਰਸਾਦ ਛਕਣਾ ਚਾਹੀਦਾ ਹੈ ਤੇ ਸੱਚੀ ਸੰਗਤ ਕਰਨੀ



Sri Satguru Jagjit Singh Ji Elibrary NamdhariElibrary@gmail.com

ਅਤੇ ਝੂਠ, ਚੁਗਲੀ ਤਿਆਗ ਕੇ ਮਹਾਂ ਪੁਰਖਾਂ ਦੇ ਸ਼ੁਭ ਉਪਦੇਸ਼ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹੀ ਮਹਾਂ ਪੁਰਖਾਂ ਨੇ ਧਰਮ ਦਾ ਨਾਮ ਦਿਤਾ ਹੈ ਕਿਉਂਕਿ ਸ਼ੁਭ ਵਿਚਾਰ ਹੀ ਪੁਰਖ ਨੂੰ ਚੰਗੇ ਪਾਸੇ ਲਿਜਾ ਸਕਦੇ ਹਨ ਪ੍ਰੰਤੂ ਬਿਨਾ ਮਹਾਂ ਪੁਰਖਾਂ (ਗੁਰੂਆਂ) ਦੇ ਮਨੁੱਖ ਚੰਗੀ ਸਿਖਿਆ ਪ੍ਰਾਪਤ ਨਹੀਂ ਕਰ ਸਕਦਾ। ਮੇਘ ਭੰਡਲੀ ਦਾ ਲੇਖ ਹੈ :—

ਗੁਰ ਸਮਾਨ ਜਗ ਮੇਂ ਨਹੀ ਕੋਈ।
ਮੂਰਖ ਤੋਂ ਪੰਡਤ ਕਰਤਾ ਜੋਈ।
ਜਿਉਂ ਮੰਦਰ ਦੀਪਕ ਤਮ ਨਾਸੇ।
ਗੁਰੂ ਗਿਆਨ ਅਗਿਆਨ ਬਿਨਾਸੇ॥

ਉਪ੍ਰੋਕਤ ਲਿਖੇ ਗਏ ਪ੍ਰਮਾਣਾਂ ਨਾਲ ਅਗਰ ਪ੍ਰਾਣੀ ਸਹਿਮਤ ਰਹੇ ਤਾਂ ਨਿਸ਼ਚੇ ਹੈ ਕਿ ਮਨੁੱਖ ਅੱਛੀ ਸੰਤਾਨ ਅਤੇ ਸੁੱਖ ਪ੍ਰਾਪਤ ਕਰ ਸਕਦਾ ਹੈ।

ਇਸਤ੍ਰੀ ਵਾਸਤੇ ਸ਼ੁਭ ਅਸ਼ੁਭ ਲੱਛਣ ਤਾਂ ਅਸੀਂ ਪਿਛੇ ਲਿਖ ਹੀ ਦਿਤੇ ਹਨ ਪ੍ਰੰਤੂ ਕੁਝ ਸੰਖੇਪ ਥੋੜਾ ਲਿਖ ਕੇ ਬੇਟੀਆਂ ਦਾ ਧਿਆਨ ਇਸ ਪਾਸੇ ਦਿਵਾਉਂਦੇ ਹਾਂ।

ਔਰਤ ਘਰ ਦਾ ਸ਼ਿੰਗਾਰ ਅਤੇ ਲੱਛਮੀ ਹੈ ਇਸ ਦੇ ਨੇਕ ਚਲਣ ਨਾਲ ਗ੍ਰਿਹਸਤ ਘਰ ਸੁਵਰਗ ਬਣ ਜਾਂਦਾ ਹੈ ਅਤੇ ਬੁਰੇ ਨਾਲ ਨਰਕ। ਔਰਤ ਲਈ ਘਰ ਵਿਚ ਰਹਿ ਕੇ ਹੀ ਆਪਣੀ ਸੰਤਾਨ ਦਾ ਪਾਲਣ ਪੋਸਣ ਭਲੀ ਪ੍ਰਕਾਰ ਕਰਨਾ ਅਤੇ ਆਪਣੇ ਹੱਥੀਂ ਘਰ ਦੇ ਜ਼ਰੂਰੀ ਕੰਮ, ਖਾਣੇ ਬਨਾਉਣੇ, ਕਪੜੇ ਸੀਣ ਪ੍ਰੋਣੇ, ਕਪੜੇ ਧੋ ਕੇ ਸਾਫ ਸੁਥਰੇ ਰਖਣੇ ਬੱਚਿਆਂ ਨੂੰ ਪਹਿਨਣੇ ਅਤੇ ਪਤੀ ਲਈ ਸ਼ੁਭ ਖਿਆਲ ਪੈਦਾ ਕਰਨੇ। ਕਿਉਂਕਿ ਪਤੀ ਰਾਜਾ ਤੇ ਪਤਨੀ ਵਜ਼ੀਰ ਹੈ। ਇਸ ਲਈ ਵਜ਼ੀਰ ਦਾ ਕੰਮ ਹੈ ਚੰਗੇ ਢੰਗਾਂ ਨਾਲ ਗ੍ਰਿਹਸਤ ਰਾਜ ਨੂੰ ਚਲੌਣਾ ਹੈ ਆਦਿ ਅਤੇ ਜੋ ਲੜਕੀਆਂ ਪੜ੍ਹ-ਲਿਖ ਦੂਸਰੇ ਦੀ ਨੌਕਰੀ ਕਰਨੀ ਪਸੰਦ ਕਰਦੀਆਂ ਹਨ ਓਹ ਬਹੁਤ ਹਾਨੀਕਾਰਕ ਹੈ। ਹਾਂ! ਜਿਸ ਲੜਕੀ ਦੇ ਸਿਰ ਤੋਂ ਪਤੀ ਦਾ ਸਾਇਆ ਉਠ ਗਿਆ ਹੋਵੇ ਯਾਂ ਓਹ ਹੋਰ ਕਿਸੇ ਗੱਲੋਂ ਮਜ਼ਬੂਰ ਹੋ ਜਾਵੇ ਤਾਂ ਉਸ ਲਈ ਨੌਕਰੀ ਕਰਨੀ ਉਚਿੱਤ ਹੈ, ਨਹੀਂ ਤਾਂ ਚਲਣ ਨੂੰ ਬ੍ਰਬਾਦ ਕਰਨਾ ਅਤੇ ਪਤੀ ਪ੍ਰੇਮ ਗੁਵਣਾ ਹੈ ਅਤੇ ਘਰ ਦੀ ਮ੍ਰਯਾਦਾ ਨੂੰ ਢੌਉਣਾ ਹੈ।

ਏਹ ਗੱਲ ਆਮ ਦੇਖੀ ਗਈ ਹੈ ਕਿ ਨੌਕਰੀ ਕਰਨ ਵਾਲੀਆਂ ਲੜਕੀਆਂ ਨੂੰ ਭੋਜਨ ਬਣੌਣਾ ਭੁਲ ਜਾਂਦਾ ਹੈ ਤੇ ਓਹ ਆਪਣੇ ਖਸਮ ਦੀ ਬ੍ਰਾਬਰੀ ਦੇ ਅਭਿਮਾਨ ਵਿਚ ਘਰ ਦੇ ਕੰਮਾਂ ਤੋਂ ਸੁਸਤ ਹੋ ਜਾਂਦੀਆਂ ਹਨ ਤੇ ਪੇਟ ਤਾਂ ਕਿਸੇ ਤਰ੍ਹਾਂ ਭਰਨਾ ਹੀ ਪੈਂਦਾ ਹੈ ਇਸ ਲਈ ਡਬਲ ਰੋਟੀ ਅਤੇ ਚਾਹ ਹੀ ਚਲੇਗੀ ਯਾਂ ਹੋਟਲ ਤੋਂ ਮੰਗਵਾਈ ਜਾਵੇਗੀ।

ਥਨਾਂ ਦੀ ਸੁੰਦਰਤਾ ਖਰਾਬ ਨਾ ਹੋਵੇ — ਬੱਚੇ ਨੂੰ ਆਪਣੇ ਦੁਧ ਦੇਣ ਤੋਂ ਸੰਕੋਚ ਕਰਨੀ, ਪਰਾਇਆ ਦੁਧ ਗਾਂਵਾਂ-ਮੱਝਾਂ ਦਾ ਬੋਤਲ ਨਾਲ ਦੇਣਾ ਬੱਚੇ ਨੂੰ ਆਦਤ ਪਉਣੀ।



Sri Satguru Jagjit Singh Ji Elibrary NamdhariElibrary@gmail.com

ਅਤੇ ਐਸੀਆਂ "ਮਾਈਆਂ" ਰਖਣੀਆਂ ਜਿਸਦੀ ਜਾਤਿ ਨਾ ਪਾਤਿ ਬੱਚੇ ਦਾ ਭਵਿੱਖ ਖਰਾਬ ਕੀਤਾ ਜਾਂਦਾ ਹੈ। ਇਹ ਖਿਆਲ ਰਹੇ ਕਿ ਜਿਵੇਂ ਚਿੱਟੇ ਕਪੜੇ ਤੇ ਹਰੇਕ ਰੰਗ ਫੇਰਨ ਅਸਰ ਕਰਦਾ ਹੈ ਤਿਵੇਂ ਬੱਚਿਆਂ ਤੇ ਵੀ ਅੱਛੇ ਬੁਰੇ ਕਰਮ ਅਸਰ ਕਰਦੇ ਹਨ। ਇਨਾ ਨੂੰ ਜੈਸੇ ਸਿਖਿਆ ਮਿਲੇਗੀ ਤੈਸੀ ਹੀ ਸੰਤਾਨ ਦੀ ਉਨਤੀ ਹੋਵੇਗੀ। ਜੋ ਜੈਸੀ ਸੰਗਤ ਕਰੇ ਸੋ ਤੈਸੋ ਫਲ ਪਾਏ" ਅਤੇ "ਤਖਮ ਤਸੀਰ ਸੋਬਤ ਦਾ ਅਸਰ" ਭਾਵ ਅੱਛੇ ਵਿਚਾਰ ਜ਼ਿੰਦਗੀ ਦਾ ਮਿਆਰ ਉਚਾ ਤੇ ਬੁਰੇ ਨੀਵਾ ਕਰਦੇ ਹਨ।

ਜਿਹੜੇ ਮਾਂ-ਬਾਪ ਲਾਲਚ ਬਸ ਬੇਟੀਆਂ ਨੂੰ ਅਯੋਗ ਵਰ ਢੂੰਡ ਦੇਂਦੇ ਹਨ ਉਨ੍ਹਾਂ ਨੂੰ ਸਾਸਤ੍ਰਾਂ ਵਿਚ ਮਹਾ ਪਾਪੀ ਲਿਖਿਆ ਹੈ, ਕਿਉਂ ਹੁਣ ਦੇ ਕਾਲ ਦੀਆਂ ਲੜਕੀਆਂ ਪੜ੍ਹ-ਲਿਖ ਕਰ ਸਮਝਦਾਰ ਹਨ ਓਹ ਇਸ ਅਯੋਗ ਕਾਰਵਾਈ ਤੋਂ ਤੰਗ ਆ ਕੇ ਸੂਯੋਗ ਵਰ ਖੋਜਣ ਲਈ ਮਜਬੂਰ ਹੋ ਜਾਂਦੀਆਂ ਹਨ। ਇਸ ਕਰਕੇ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਆਪਣੀ ਪਾਲੀ ਪੋਸੀ ਬੱਚੀ ਨੂੰ ਇਸ ਦੇ ਯੋਗ ਅਤੇ ਮਨ ਪਸੰਦ ਰਿਸਟ ਪੁਸਟ ਹਮਉਮਰ ਇਕੋ ਜਿਹਾ ਜੋੜ ਦੇਖ ਸਬੰਧ ਬਣਾਵੇ ਤਾਂ ਕਿ ਬੇਟੀ ਦੀ ਜ਼ਿੰਦਗੀ ਸੁਖੀ ਰਵੇ ਤੇ ਬੇਟੀ ਮਾਤਾ-ਪਿਤਾ ਨੂੰ ਬਜਾ ਦੁਰਾਸੀਸਾਂ ਤੋਂ ਸਦਾ ਅਸੀਸਾਂ ਦੇਂਦੀ ਰਵੇ।

## ਵਿਦਿਆ ਇਸ ਜਗ ਤੇ ਚਾਨਣ

ਚਾਣਕ ਨੀਤੀ ਹੈ ਕਿ ਜੋ ਮਾਂ-ਬਾਪ ਆਪਣੀ ਸੰਤਾਨ ਲਈ ਵਿੱਦਜਾ ਪ੍ਰਾਪਤੀ ਦਾ ਉਦਮ ਨਹੀਂ ਕਰਦੇ ਓਹ ਮਾਪੇ ਸੰਤਾਨ ਦੇ ਦੁਸ਼ਮਣ ਹੈਨ—

ਜੈਸੇ :—

ਮਾਤਾ ਸ਼ੱਤ੍ਰੂ ਪਿਤਾ ਵੈਰੀ, ਯੇਨ ਬਾਲੋਨ ਪਾਠਿੱਤ।
ਨ ਸੋਭਤੇ ਸਭਾ ਮੱਧਜ ਹੰਸ ਮੱਧਜ ਵਕੋ ਯਥਾ॥

ਭਾਵ—ਉਹ ਮਾਤਾ-ਪਿਤਾ ਅਪਣੀ ਸੰਤਾਨ ਦੇ ਵੈਰੀ ਹੈਨ, ਜੋ ਉਨ ਕੋ ਵਿਦਿਆ ਦੀ ਪ੍ਰਾਪਤੀ ਹਿੱਤ ਉਦਮ ਨਹੀਂ ਕਰਦੇ। ਐਸੀ ਅਨਪੜ੍ਹ ਸੰਤਾਨ ਵਿਦਵਾਨੋਂ ਕੀ ਸਭਾ ਮੇਂ ਸ਼ੋਭਾ ਨਹੀਂ ਦੇਤੀ। ਜੈਸੇ ਵਿਦਵਾਨੋਂ ਹੰਸੋਂ ਕੀ—ਸਭਾ ਵਿਖੇ ਡੱਡੀਆਂ ਖਾਣਾ ਬਗੁਲਾ ਮੂਰਖ ਨੀਚ ਸ਼ੋਭਾ ਨਹੀਂ ਦੇਂਦਾ। ਸਹੀ ਮਾਤਾ-ਪਿਤਾ ਕਾ ਧਰਮ [ਕਰਤੱਵ] ਹੈ ਕਿ ਉਹ ਆਪਣੀ ਸੰਤਾਨ ਨੂੰ ਤਨ, ਮਨ, ਧਨ, ਆਦੀ ਖਰਚਾ ਕਰਕੇ ਉਤਮ ਸਿਖਸ਼ਾ ਦਿਲਾਵੇ, ਤਾ ਕਿ ਔਣ ਵਾਲੇ ਸਮੇਂ ਵਿਚ ਮਾਂ ਬਾਪ ਦੀ ਸ਼ੋਭਾ ਹੋਵੇ ਅਤੇ ਜਨਮ ਸੁਫਲਾ।

**ਇਸ ਲਈ ਕਾਸਦੀ ਲੋੜ ਹੈ?**

ਇਕ ਸੁਧਰੇ ਹੋਇ ਗੁਣ ਭਰਪੂਰ ਲਾਲਚ ਰਹਿਤ ਗੁਰੂ [ਸਿੱਕਸਿੱਕ] ਦੀ, ਜਿਸ ਪ੍ਰਾਣੀ ਨੇ ਗੁਣ-ਵਿਦਿਆ ਪ੍ਰਾਪਤ ਕਰਨੀ ਹੈ, ਅਗਰ ਉਸਤਾਦ ਹੀ ਗੁਣ ਰਹਿਤ ਕੁਕਰਮੀ



Sri Satguru Jagjit Singh Ji Elibrary NamdhariElibrary@gmail.com

ਦੁਰਾਚਾਰੀ ਹੈ ਤਾਂ ਸਿਖਿਆ ਲੈਣ ਵਾਲਾ ਵੀ ਵੈਸਾ ਹੀ ਨਿਕਲੇਗਾ। ਜੇ ਗੁਰੂ ਸ਼ੁਭ ਗੁਣਾਂ ਵਾਲਾ ਹੈ ਤਾਂ ਉਸ ਦਾ ਸਿੱਖ, ਚੇਲਾ ਵੀ, ਅੱਛੇ ਗੁਣਾਂ ਵਾਲਾ ਹੀ ਹੋਵੇਗਾ। ਗੁਰੂ ਬਾਣੀ ਸਿਧਾਂਤ ਹੈ :—

ਯਥਾ—

ਗੁਰੂ ਜਿਨ੍ਹਾਂ ਕਾ ਅੰਧਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਹੁ ਭਾਣੈ ਚਲਣ ਆਪਣੈ ਨਿਤ ਝੂਠੋ-ਝੂਠ ਬੋਲੇਨਿ ॥
ਕੂੜ-ਕੁਸੱਤ ਕੁਮਾਂਵਦੇ ਪਰ ਨਿੰਦਾ ਸਦਾ ਕਰੇਨਿ।
ਓਇ ਆਪ ਡੁੱਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤਉਂ ਲਾਇ ਤਿਤ ਲਗੇ ਓਇ ਬਪੜੇ ਕਿਆ ਕਰੇਨਿ ॥
[ਵਾਰ ਰਾ: ਕਲੀ ਸਲੋਕ ਮ: ੩]

ਅਤੇ—

ਅੰਧਾ ਆਗੂ ਜੇ ਥੀਏ ਸਭ ਸਾਥ ਮੁਹਾਵੈ ॥ [ਭਾ: ਗੁ]

ਮੇਘ ਬਿਨੋਦ ਦਾ ਸਿਧਾਂਤ ਹੈ ਕਿ ਬੁਰੇ ਲੱਛਣਾਂ ਵਾਲੇ ਵੈਦ-ਗੁਰੂ ਪਾਸੋਂ ਸਿੱਖਿਆ-ਦੁਵਾਈ ਆਦਿ ਵੀ ਨਹੀਂ ਲੈਣੀ ਚਾਹੀਏ।

ਜੈਸੇ—

ਜੋ ਮਧ ਬਹੁ ਪੀਵੈ ਆਲਸ ਥੀਵੈ ਕੰਟ ਕਹੀਵੈ ਅਭਿਮਾਨੀ ॥
ਸੋ ਗੁਨ ਨਹਿ ਜਾਨੈ ਝੂਠ ਬਖਾਨੈ ਦੋਸ਼ਾ ਨਾ ਮਾਨੈ ਅਗਿਆਨੀ ॥
ਰੁਜ ਸਮਝ ਨ ਕਰਤਾ ਦੁਖ ਨਿਹ ਹਰਤਾ ਕ੍ਰੋਧ ਸੁ ਕਰਤਾ ਅਧਰਮੀ ॥
ਤਾਕੀ ਸੁਣ ਦਾਰੂ ਬਹੁ ਨਰ ਮਾਰੂ, ਹੋਏ ਨਾ ਸਾਰੂ ਦਿਨ ਕਰਮੀ ॥

ਅਤੇ—

ਕਰੇ ਕੁਸ਼ੀਲ ਜੋ ਮੂਰਖ ਹੋਵੇ, ਬਚਨ ਕਠੋਰ ਭਣੇ ਮੁਖ ਸੋਵੇ ॥
ਸਕਲ ਗ੍ਰੰਥ ਕੀ ਲਖੇ ਨਾ ਸਾਰਾ, ਤਾਂਹਿ ਬੈਦ ਕੋ ਦੂਰ ਬਿਡਾਰਾ ॥੪੭੫॥
ਸੁਨੀ ਸੁਨਾਈ ਭੇਖਿਜ ਦੇਵੈ, ਸੁ ਰੋਗੀ ਕੇ ਪ੍ਰਾਣ ਹੀ ਲੇਵੈ ॥
ਆਪੇ ਰੋਗੀ ਪੀੜਤ ਅੰਗੂੰ ਐਸੇ ਵੈਦ ਕਾ ਛਾਡੋ ਸੰਗੂੰ ॥
ਬਿਨਾ ਬੁਲਾਏ ਦੌੜਿਆ ਜਾਵੈਂ, ਗੁਰੂ ਕੇ ਪਾਸ ਜੋ ਪੜ ਨਹੀਂ ਆਵੈ ॥
ਐਸਾ ਬੈਦ ਨ ਘਰੇ ਬੁਲਾਵੇਂ, ਚੰਗ੍ਹ ਵੈਦ ਕੋ ਲੈ ਦਿਖਲਾਵੇਂ ॥੪੯॥



Sri Satguru Jagjit Singh Ji Elibrary NamdhariElibrary@gmail.com

## ਅੱਛੇ ਗੁਰੂ ਵੈਦ ਦੇ ਲੱਛਣ

ਕਬਿੱਤ—

ਗੁਰੂ ਹੀ ਕੇ ਪਾਸ ਪਢੇ ਵੈਦ ਕੀ ਸੁਵਿੱਦਜਾ ਸਭ
ਹਾਥ ਹੀ ਸੁ ਜਸ ਜਾਕੇ ਕ੍ਰਿਆਂ ਸਭ ਜਾਨ ਹੈ।
ਲੋਭ ਕੋ ਤਿਆਗੀ ਸਭ ਧੀਰਜ ਧਰਨਹਾਰ।
ਸਦ ਹੀ ਪਵਿੱਤ੍ਰ ਸਭ ਅੰਗ ਭਲੋ ਮਾਨ ਹੈ।
ਦੋਯਾ ਕਰੋ ਰੰਕ ਦੇਖ ਰਾਖੇ ਸੁਭ ਸ੍ਵੇਤ ਵੇਸ।
ਸੁਧ ਜੋ ਧਿਕਾਰੀ ਸਭ ਸਾਸਤ੍ਰਿ ਲਖਿਵਾਨ ਹੈ।
ਐਸੋ ਹੀ ਜੋ ਹੋਵੈ ਵੈਦ ਔਖਧੀ ਸੁ ਖਾਵੈ ਤਿਸ।
ਸਭ ਹੀ ਸਰੀਰ ਕੀ ਸੁ ਵੇਦਨਾ ਸੁਭਾਨ ਹੈ ॥੪੬॥

ਗੁਰੂ ਨਾਨਕ ਦੇਵ ਜੀ ਦੇ ਤੁੱਲ ਕੋਈ ਵਿਰਲਾ ਹੀ ਸੁਮਾਜ ਸੁਧਾਰਕ ਹੋਇਆ ਹੋਵੇਗਾ; ਜਿਸ ਦੀ ਰਚਨਾ ਗੁਰਬਾਣੀ ਵਿਖੇ ਹਰੇਕ ਧਰਮ ਅਵਿਲੰਬੀ ਦੇ ਸੁਧਾਰ ਹਿਤ ਸ਼ਬਦ ਉਚਾਰਣ ਕੀਤੇ ਗਏ ਹੋਨ। ਜਿਸ ਤੋਂ ਹਰੇਕ ਮਜ਼ਹੱਬਦਾ ਪੱਖੀ ਕੀਮਤੀ ਮੋਤੀ [ਗੁਣ] ਪ੍ਰਾਪਤ ਕਰ ਸਕਦਾ ਹੈ, ਅਤੇ ਅਪਣੇ ਜੀਵਨ ਨੂੰ ਮੰਦ ਕਰਮਾਂ ਤੋਂ ਸੁਰਖਰੂ ਰਖ ਸਕਦਾ ਹੈ।

ਇਸਤ੍ਰੀ ਵੀ ਇਕ ਐਸੀ ਅਨੋਖੀ ਵਸਤੂ ਹੈ ਏਹ ਜਿਸ ਘਰ ਵਿਆਹੀ ਜਾਂਦੀ ਹੈ, ਆਪਣੇ ਗੁਰਮਤ ਸਿਧਾਂਤਾਂ ਦੇ ਸਹਾਰੇ ਘਰ ਵਿਚ ਸਵੱਰਗ ਬਣਾ ਦੇਂਦੀ ਹੈ ਅਤੇ ਇਕ ਉਹ ਭੀ ਇਸਤ੍ਰੀ ਕਹਿਲਾਂਦੀ ਹੈ ਜੋ ਗੁਰੂ ਉਪਦੇਸ਼ ਤੋਂ ਕੋਰੀ, ਉਹ ਜਿਸ ਘਰ ਜਾਂਦੀ ਹੈ, ਓਥੇ ਸਵਰਗ ਨੂੰ ਨਰਕ ਵਿਚ ਮੋੜ ਦੇਂਦੀ ਹੈ।

ਸੰਸਾਰ ਸੁਮਾਜ ਵਿਚ ਸਾਰੀਆਂ ਇਸਤ੍ਰੀਆਂ ਦੁਰਾਚਾਰੀਆ ਨਹੀਂ ਹੁੰਦੀਆਂ ਅਤੇ ਨਾ ਹੀ ਸਾਰੇ ਮਰਦ ਵਿੱਭਚਾਰੀ ਹੁੰਦੇ ਹੋਨ। ਪਰ ਜੇ ਸੁਧਰੇ ਸਮਾਜ ਵਿਚ ਇਕ ਕੁੜੀ ਮੁੰਡਾ ਵੀ ਦੁਰਾਚਾਰੀ [ਅਚਰਣਹੀਣ] ਨਿਕਲ ਪਵੇ ਤਾਂ ਸਾਰਾ ਸਮਾਜ ਹੀ ਦੂਸ਼ਤ ਹੋ ਜਾਂਦਾ ਹੈ। ਭਾ: ਗੁ: ਜੀ ਦਾ ਕਥਨ ਹੈ:—

ਫਿਟੈ ਚਾਟਾ ਦੁੱਧ ਦਾ ਕਾਂਜੀ ਦੀ ਚੁੱਖੇ।
ਸਹੰਸ੍ਰ ਮਣਾ ਰੂੰਈ ਜਲੇ ਚਿਨਗਾਰੀ ਧੁੱਖੇ॥

ਭਾਵ—ਇਕ ਕਾਂਜੀ ਦੀ ਖੱਟੀ ਬੂੰਦ ਨਾਲ ਦੁੱਧ ਦਾ ਭਰਿਆ ਦੇਗਚਾ ਫਿਟ ਜਾਂਦਾ ਹੈ ਅਤੇ ਹਜ਼ਾਰਾਂ ਮਣੀ ਰੂੰਈ ਇਕ ਅੱਗ ਦੀ ਚਿਣਗ ਨਾਲ ਸੜ ਸੁਆਹ ਹੋ ਜਾਂਦੀ ਹੈ, ਕਿਉਂਕਿ ਵਿਗੜੀ ਮਰਯਾਦਾ ਦਾ ਸਹੀ ਹੋਣਾ ਕਠਨ ਹੈ, ਇਸ ਪਰ ਕਵੀ ਵ੍ਰਿੰਦ ਲਿਖਦਾ ਹੈ:—

ਸੁਧਰੀ ਬਿਗੜੈ ਬੇਗ ਹੀ ਬਿਗੜੀ ਫਿਰ ਸੁਧਰੈਨ॥
ਦੂਧ ਫਟੇ ਕਾਂਜੀ ਬਣੇ ਸੁ ਫਿਰ ਦੂਧ ਬਣੈਨ॥



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਖੁਸ਼ਖਬਰੀ

ਇਸ ਹਥਲੀ ਪੁਸਤਕ ਤੋਂ ਪਹਲੀ ਖੋਜ ਭਰਪੂਰ ਛਪੀ **ਗੁਰਬਾਣੀ ਅਤੇ ਭਗਤ ਬ੍ਰਾਣੀ ਦੇ ਸੂਖਸਮ ਭੇਦ ਦਾ ਵਿਵੇਚਨ** ਨਾਮ ਦੀ ਪੁਸਤਕ ਹਰ ਗੁਰਮਤਿ ਪ੍ਰੇਮੀਆਂ ਦੇ ਪੜ੍ਹਨ ਯੋਗ ਹੈ।

ਇਸ ਪੁਸਤਕ ਵਿਚ ਗੁਰਬਾਣੀ ਅਤੇ ਭਗਤ ਬਾਣੀ ਦਾ ਨਿਰਣਾ **ਮੌਹਲਾ ਅਤੇ ਛੰਦਾਂ** ਦੇ [illegible] ਦਾ **ਵੇਰਵਾ** ਗੁਰਬਾਣੀ ਦਾ **ਪਿੰਗਲ** ਅਤੇ ਗਣਾ-ਮਾਤ੍ਰਾ [illegible] ਗੁਰਬਾਣੀ ਦੇ **ਛੰਦ-ਤਾਲਾਂ** ਦੀ ਰਚਨਾ ਦਾ ਵੇਰਵਾ, ਸ਼ਾਸਤ੍ਰੀ [illegible] ਤੈਤੀ ਰਾਗਾਂ ਕੇ ਸਰੂਪ, **ਤਾਲ - ਘਰੁ** ਦਸ ਤਾਲਾਂ [illegible] - ਮ੍ਰਿਦੰਗ - ਸਿਤਾਰ ਆਦੀ ਬੋਲ।

**ਏਕ ਸੁਆਨ ਕੇ ਘਰੁ ਗਾਵਣਾ ਦੀ ਪੜਚੋਲ।**

**ਮੂਲ ਮੰਤ੍ਰ** ਦਾ ਸਹੀ [illegible] **ਭਾਵਾਰਥ ਪਸੂ ਪੰਛੀਆਂ ਦੀਆਂ ਅਵਾਜ਼ਾਂ** [illegible] ਰਾਗਾਂ [illegible]।

**ਇਕ ਓਅੰਕਾਰ ਦੀ ਸਿਰਜਨਾਤਮਕ ਵਿਸ਼ੇਸ਼ਤਾ।**

ਗੁਰਮੁਖੀ ਲਿੱਪੀ ਕਿਵੇਂ ਹੋਂਦ ਵਿਚ ਆਈ ਅਤੇ ਹੋਰ ਕਈਆਂ ਸ਼ੰਕਾਵਾਂ ਦਾ ਸਮਾਧਾਨ ਕੀਤਾ ਗਿਆ ਹੈ। ਪਾਠਕ ਜਨ ਪੜ੍ਹਕੇ ਹੀ ਅੰਦਾਜਾ ਲਾ ਸਕਣਗੇ।

ਗੁਰਬਾਣੀ ਅਤੇ ਖੋਜੀ ਪ੍ਰੇਮੀਆਂ ਲਈ ਅਦੁੱਤੀ ਪੁਸਤਕ ਹੈ। ਮਿਲਣ ਦਾ ਪਤਾ ਇਸ ਪੁਸਤਕ ਦੇ ਟਾਈਟਲ ਪੇਜ (ਪੰਨੇ) ਤੇ ਵੀ ਦਿਤਾ ਗਿਆ ਹੈ।

ਪੀ. ਐਸ. "ਕੰਵਲ"

Sri Satguru Jagjit Singh Ji Elibrary NamdhariElibrary@gmail.com